# ਮੇਰੇ ਮਨ ਲੈ ਲਾਹਾ ਘਰਿ ਜਾਹਿ

## ਹਲੂਣਾ ਸੈਮੀਨਾਰ ਨੇ ਟਰਾਂਟੋ ਦੀ ਸੰਗਤ ਨੂੰ ਹਲੂਣਿਆ

## ਪ੍ਰਬੰਧਕਾਂ ਅਤੇ ਪ੍ਰਚਾਰਕਾਂ ਨੇ ਗੁਰਦੁਆਰਿਆਂ ਦਾ ਵਪਾਰੀਕਰਣ ਕੀਤਾ










ਮਿਸੀਸਾਗਾ/ਟਰਾਂਟੋ/ਡੇਲੀ ਬਿਊਰੋ ਰਿਪੋਰਟ/ ਹਲੂਣਾ ਸੈਮੀਨਾਰ ਨੂੰ ਆਸੋਂ ਵੱਧ ਹੁੰਗਾਰਾ ਹੀ ਨੀਂਮਿਲਿਆ ਸਗੋਂ ਇਹ ਸੈਮੀਨਾਰ ਲੋਕਾਂ ਦੀਆਂ ਆਸਾਂ ਤੇ ਵੀ ਪੂਰਾ ਉਤਰਿਆ। ਬੜੇ ਉਚਪਾਏ ਦੇ ਪ੍ਰਬੰਧਕ ਨੇ ਜਿਥੇ ਸੈਮੀਨਾਰ ਦਾ ਸੰਜੀਦਾ ਮਹੌਲ ਸਿਰਜਿਆ, ਉਥੇ ਵੱਖ ਵੱਖ ਬੁਲਾਰਿਆਂ ਨੇ ਮਨੁੱਖ ਦਾ ਗੁਰੂ ਨਾਲੋਂ ਟੁੱਟਿਆ ਕੁਨੈਕਸ਼ਨ ਮੁੜ ਜੋੜਨ ਲਈ ਵੱਖ ਵੱਖ ਪਹਿਲੂਆਂ ਤੋਂ ਖੋਜ ਭਰਪੂਰ ਵਿਚਾਰਾਂ ਪੇਸ਼ ਕੀਤੀਆਂ। ਸੱਚ ਸਿਰਜਦਿਆਂ ਗੁਰੂ ਨੇ ਇੱਕ ਗੱਲ ਨੂੰ ਬੜੀ ਬਾਖੂਬੀ ਨਾਲ ਵਿਚਾਰਿਆ ਅਤੇ ਮਨੁੱਖ ਦੇ ਜੀਵਨ ਦਾ ਹਿੱਸਾ ਬਣਾਉਣ ਲਈ ਕਿਸੇ ਖਾਸ ਵਿਧੀ ਨਹੀਂ ਬਲਕਿ ਗੁਰੂ ਪਿਆਰ ਵਿੱਚ ਨਿਰਛੱਲਤਾ ਜਰੂਰੀ ਹੈ। ਨਿਰਛੱਲਤਾ ਨੂੰ ਉਭਾਰਨ ਅਤੇ ਸਵਾਰਥੀਪੁਣੇ ਨੂੰ ਸੱਟ ਮਾਰਨ ਲਈ ਉਲੀਕੇ ਗਏ ਇਸ ਸੈਮੀਨਾਰ ਵਿੱਚ ਪ੍ਰਬੰਧਕਾਂ ਨੇ ਆਲਾਮਿਆਰੀ ਤਰਤੀਬਾਂ ਦਿੱਤੀਆਂ। ਸਮਰੱਥਾ ਤੋਂ ਵੱਧ ਇਕੱਠ ਹੋਣ ਸਕਦਾ 250 ਤੋਂ ਉਪਰ ਲੋਕਾਂ ਨੂੰ ਖੜ ਕੇ ਸੈਮੀਨਾਰ ਸਰਵਣ ਕਰਨਾ ਪਿਆ ਫਲਸਰੂਪ ਇਕਾਗਰਤਾ ਦੀ ਕਮੀ ਰਹੀ।

*ਉੱਠੋ ਵੇ ਕਲਮਾਂ ਵਾਲਿਓ, ਦਿਓ ਹਲੂਣਾ ਕੌਮ ਨੂੰ ।। ਸੁੱਤੀ ਪਈ ਹੈ ਕੌਮ, ਇਸ ਨੂੰ ਜਗਾਉਣਾ ਪੈਣਾ।।* ਇਸ ਕਵਿਤਾ ਨਾਲ ਇਸ ਸੈਮੀਨਾਰ ਦਾ ਆਗਾਜ਼ ਕੀਤਾ ਗਿਆ, ਸ੍ਰ. ਬਲਵਿੰਦਰ ਸਿੰਘ ਨੇ ਇਸ ਸੈਮੀਨਾਰ ਵਿੱਚ ਸਭ ਸੰਸਥਾਵਾਂ ਦੇ ਆਗੂਆਂ, ਮੀਡੀਆਕਾਰਾਂ ਅਤੇ ਸੰਗਤ ਨੂੰ ਜੀ ਆਇਆਂ ਕਿਹਾ। *ਜੇ ਚਾਨਣ ਦੇ ਵਾਰਿਸ ਹਨੇਰੇ 'ਚ ਗੁਆਚੇ ਨੇ, ਦਰਿਆਵਾਂ 'ਚ ਰਹਿਣ ਵਾਲੇ ਜੇ ਅਜੇ ਪਿਆਸੇ ਨੇ* ।। ਤਾਂ ਇਸ ਕੌਮ ਨੂੰ ਹਲੂਣਾ ਮਾਰਨ ਦੀ ਲੋੜ ਹੈ।

ਹਲੂਣਾ ਦੇ ਮੁੱਖ ਆਦੇਸ ਅਤੇ ਨਿਸ਼ਾਨਿਆਂ ਬਾਰੇ ਸ੍ਰ. ਸਤਵੰਤ ਸਿੰਘ ਜੀ ਨੇ ਵਿਸਥਾਰ ਨਾਲ ਦੱਸਿਆ। ਪਾਵਰ ਪ੍ਰੈਜਿਨਟੇਸ਼ਨ ਨਾਲ ਸਤਵੰਤ ਸਿੰਘ ਨੇ ਦੱਸਿਆ ਕਿ ਇਸ ਪ੍ਰਾਜੈਕਟ ਰਾਹੀਂ ਅਸੀਂ ਸਿੱਖ ਕੌਮ ਨੂੰ ਅਧਿਆਤਮਿਕ ਹਲੂਣਾ ਮਾਰਨ ਦਾ ਨਿਮਾਣਾ ਜਿਹਾ ਉਪਰਾਲਾ ਕਰ ਰਹੇ ਹਾਂ। ਇਨਸਾਨ ਦੇ ਜੀਵਨ ਲਈ ਕੋਈ ਖਾਸ ਨਿਸ਼ਾਨਾ ਹੁੰਦਾ ਹੈ ਅਤੇ ਇਸ ਨਿਸ਼ਾਨੇ ਦੀ ਪੁਰਤੀ ਲਈ ਕੋਈ ਮਿਸ਼ਨ ਦੀ ਜਰੂਰਤ ਹੁੰਦੀ ਹੈ। *ਸਿੱਖ ਹਾਈਵੇ :-* ਲੀਹਾਂ ਅੰਦਰ ਚਲੀਐ ਜਿਉਂ ਗਾਡੀ ਰਾਹੁ" ਅਗਰ ਅਸੀਂ ਗੁਰਮਤਿ ਗਾਡੀ ਰਾਹ ਦਾ ਸਿਧਾਂਤ ਅਪਣਾਉਂਦੇ ਹਾਂ ਤਾਂ ਅਸੀਂ ਇਸ ਹਾਈਵੇ ਤੇ ਚੱਲ ਸਕਦੇ ਹਾਂ ਪਰ ਜਦੋਂ ਅਸੀਂ ਇਸ ਤੋਂ ਵਿਪਰੀਤ ਹੁੰਦੇ ਹਾਂ ਅਸੀਂ ਇਸ ਹਾਈਵੇ ਤੋਂ ਲਹਿ ਜਾਂਦੇ ਹਾਂ। ਬਹੁਤਾਤ ਵਿੱਚ ਪਾਖੰਡੀ ਸਾਧ ਸਾਨੂੰ ਇਸ ਗਾਡੀ ਰਾਹ ਤੋਂ ਲਾਂਭੇ ਲਿਜਾਂਦਾ ਹੈ। ਇਹ ਸਾਧ ਮਨੁੱਖ ਨੂੰ ਆਪਣੇ ਆਪ ਨਾਲ ਜੋੜਦੇ ਹਨ, ਗੁਰਮਤਿ ਗਾਡੀ ਰਾਹ ਤੋਂ ਲਾਹੁੰਦੇ ਹਨ। ਇਸ ਸਭ ਨੂੰ ਅਨੁਭਵ ਕਰਨ ਲਈ ਸਾਨੂੰ ਹਲੂਣੇ ਦੀ ਲੋੜ ਹੈ।

ਡਾ. ਸਤਪਾਲ ਸਿੰਘ, ਬਫਲੋਅ ਅਮਰੀਕਾ ਦੇ ਵਸਨੀਕ ਹਨ ਅਤੇ ਅਨੇਕਾਂ ਕੈਂਪਾਂ, ਗੁਰਦੁਆਰਿਆਂ ਵਿੱਚ ਗੁਰਸਿੱਖੀ ਦਾ ਪਸਾਰਾ ਕਰਨ ਲਈ ਸਰਗਰਮ ਹਨ। ਇਹ ਬਫਲੋਅ ਸਕੂਲ ਆਫ ਮੈਡੀਸੀਨ ਵਿੱਚ ਪੜਾਉਂਦੇ ਹਨ। ਉਨ੍ਹਾਂ ਨੇ ਸਾਰੇ ਪ੍ਰੋਗ੍ਰਾਮ ਨੂੰ ਤਰਤੀਬ ਦੇਣ ਦੀ ਸੇਵਾ ਸੰਭਾਲੀ। ਸਤਪਾਲ ਸਿੰਘ ਨੇ ਇਸ ਪ੍ਰੋਗਰਾਮ ਦੀ ਸ਼ੁਰੂਆਤ ਇੱਕ ਵਿਅੰਗ ਨਾਲ ਕੀਤੀ। ਉਨਾਂ ਦੱਸਿਆ ਕਿ ਇਕ ਸਥਾਨਕ ਅਖਬਾਰ ਵਿੱਚ "ਹਲੂਣਾ" ਸੈਮੀਨਾਰ ਦੀ ਐਡ ਲੱਗੀ ਸੀ ਅਤੇ ਨਾਲ ਦੇ ਪੰਨੇ ਤੇ ਪੀਰ ਬਾਬੇ ਦੀ ਐਡ ਲੱਗੀ ਸੀ। ਅਗਰ ਪ੍ਰਬੰਧਕ ਉਸ ਪੀਰ ਬਾਬੇ ਨਾਲ ਸੰਪਰਕ ਕਰ ਲੈਂਦੇ ਤਾਂ ਸ਼ੁਰੂ ਵਿੱਚ ਆਈ ਮਾਮੂਲੀ ਤਕਨੀਕੀ ਮੁਸ਼ਕਲ ਉਸ ਪੀਰ ਬਾਬੇ ਨੇ ਦੂਰ ਕਰ ਦੇਣੀ ਸੀ ਪਰ ਪ੍ਰਬੰਧਕਾਂ ਨੇ ਪੀਰ ਬਾਬੇ ਨਾਲ ਸੰਪਰਕ ਨਾ ਕਰਨ ਦੀ ਗਲਤੀ ਕੀਤੀ ਹੈ। ਸਤਪਾਲ ਸਿੰਘ ਨੇ ਸਰੋਤਾਗਣਾਂ ਨੂੰ ਬੇਨਤੀਆਂ ਕੀਤੀਆਂ ਅਤੇ ਸੈਮੀਨਾਰ ਦੀ ਤਰਤੀਬ ਸਮਝਾਈ।

ਸਤਪਾਲ ਸਿੰਘ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਗੁਰੂ ਸਾਹਿਬਾਨਾਂ ਨੇ ਸਾਨੂੰ ਸ੍ਰੀ ਹਰਿਮੰਦਿਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਬਖਸ਼ਿਸ਼ ਕੀਤੀ। ਜਿਸ ਨੂੰ ਪੰਥ ਦੋਖੀਆਂ ਨੇ ਕਈ ਵਾਰ ਢਾਹਿਆ ਅਤੇ ਅਸੀਂ ਮੁੜ ਉਸਾਰ ਲਏ। ਗੁਰੂ ਸਾਹਿਬ ਨੇ ਇਕ ਹਰਿਮੰਦਿਰ ਸਾਡੇ ਮਨਾਂ ਅੰਦਰ ਵੀ ਉਸਾਰਿਆ ਹੈ ਜਿਸ ਨੂੰ ਬਰਕਰਾਰ ਰੱਖਣ ਦੀ ਲੋੜ ਹੈ। ਸਾਡੇ ਦੁਸ਼ਮਣਾਂ ਨੇ ਵੀ ਜਾਣ ਲਿਆ ਹੈ ਕਿ ਇਨਾਂ ਦੇ ਅੰਦਰ ਦੇ ਹਰਿਮੰਦਿਰ ਸਾਹਿਬ ਨੂੰ ਢਾਹਿਆ ਜਾਵੇ। ਅੱਜ ਅਸੀਂ ਇਸ ਚੈਲਿੰਜ ਦਾ ਸਾਹਮਣੇ ਕਰ ਰਹੇ ਹਾਂ।

ਬੱਚੀ ਜਪਮਨ ਕੌਰ ਨੇ ਭਾਈ ਹਰਿੰਦਰ ਸਿੰਘ ਟੈਕਸਸ ਦੀ ਜਾਣਕਾਰੀ ਕਰਵਾਈ। ਪਹਿਲੇ ਬੁਲਾਰੇ ਸ੍ਰ ਹਰਿੰਦਰ ਸਿੰਘ ਦਾ ਵਿਸ਼ਾ ਸੀ ਵਿਦੇਸ਼ ਦੇ ਸਿਖਾਂ ਦੇ ਮਨਾਂ ਅੰਦਰ ਸਿੱਖੀ ਸਿਧਾਂਤ ਨੂੰ ਪੂਰਨ ਦੀਪਤ ਕਰਨ ਬਾਰੇ ਵਿਚਾਰਾਂ ਕਰਨੀਆਂ ਹਨ।

ਹਰਿੰਦਰ ਸਿੰਘ ਟੈਕਸਸ ਨੇ ਕਵੀ ਹਰਿੰਦਰ ਸਿੰਘ ਮਹਿਬੂਬ ਦੀਆਂ ਦੋ ਲਾਈਨਾਂ ਸਾਂਝੀਆਂ ਕੀਤੀਆਂ।

*ਬੇਪੱਤ ਹੋਈਆਂ ਕੌਮਾਂ ਦੇ ਘਰ ਦੂਰ ਫਰੇਬੀ ਧਰ ਤੇ*

*ਬਦਨਸੀਬ ਪੈਰਾਂ ਦੇ ਹੇਠਾਂ*
*ਖਾਨ ਵਿਸ਼ੈਲੀ ਗਰਕੇ*
*ਮੂੰਹ ਜ਼ੋਰ ਸਮਾਂ ਨਾ ਕੌਮੇ*
*ਮੇਟ ਸਕੇਗਾ ਤੈਨੂੰ*
*ਆਪਣੀ ਪਤ ਪਛਾਨਣ ਲਵੇਂ ਜੇ*
*ਲੜ ਮਾਹੀ ਦਾ ਫੜਕੇ*

ਭਾਈ ਹਰਿੰਦਰ ਸਿੰਘ ਟੈਕਸਸ ਨੇ ਆਪਣੇ ਵਿਸ਼ੇ ਨੂੰ ਤਰਤੀਬ ਦਿੰਦਿਆ ਕਿਹਾ ਕਿ ਪਹਿਲਾਂ ਅਸੀਂ ਜਾਨਣਾ ਚਾਹੁੰਦੇ ਹਾਂ ਕਿ ਹੋ ਕੀ ਰਿਹਾ ਹੈ, ਇਸ ਨੂੰ ਸਮਝਣਾ ਅਤੇ ਇਸਦੇ ਹੱਲ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ। ਪੰਜਾਬ ਤੋਂ ਬਾਹਰ ਵੱਸਦੇ ਸਿੱਖਾਂ ਵਿੱਚ ਕੀ ਚੱਲ ਰਿਹਾ ਹੈ?
ਕੁੱਝ ਸਮੇਂ ਤੋਂ ਇਹ ਰੁਝਾਨ ਚੱਲ ਰਿਹਾ ਹੈ। ਇੱਕ ਗਰੁੱਪ ਕਹਿੰਦਾ ਹੈ ਕਿ ਸਾਨੂੰ ਵੱਡੇ ਸਮਾਜ ਵਿੱਚ ਰਲੇਵਾਂ ਕਰ ਲੈਣਾ ਚਾਹੀਦਾ ਹੈ। ਦੂਸਰਾ ਗਰੁੱਪ ਕਹਿੰਦਾ ਹੈ ਕਿ ਸਾਨੂੰ ਦੂਸਰੇ ਭਾਈਚਾਰੇ ਨਾਲ ਇੱਕਮਿੱਕ ਹੋ ਜਾਣਾ ਚਾਹੀਦਾ ਹੈ। ਪਰ ਮੈਨੂੰ ਲੱਗਦਾ ਹੈ ਕਿ ਸਾਨੂੰ ਚਾਹੀਦਾ ਹੈ ਕਿ ਅਸੀਂ ਇਹ ਵੱਲ ਧਿਆਨ ਦੇਈਏ ਕਿ ਸਿੱਖ ਹੁੰਦੇ ਹੋਏ ਚੰਗੇ ਕਨੇਡੀਅਨ ਸ਼ਹਿਰੀ ਕਿਵੇਂ ਬਣ ਸਕਦੇ ਹਾਂ।

ਦੂਸਰਾ ਸਿੱਖੀ ਬਾਰੇ ਸੁਚੇਤਤਾ ਦਾ ਬੜਾ ਅਹਿਮ ਮੁੱਦਾ ਹੈ ਪਰ ਅਸੀਂ ਕਈ ਬੇਹੂਦਾ ਮੁੱਦਿਆਂ ਬਾਰੇ ਬਹਿਸ ਵਿੱਚ ਪੈ ਜਾਂਦੇ ਹਾਂ। ਲੀਡਰਸ਼ਿਪ? ਕੁੱਝ ਕਹਿੰਦੇ ਹਨ ਕਿ ਸਾਡੇ ਆਗੂ ਕੁਆਲੀਫਾਈਡ ਨਹੀਂ ਹਨ, ਕੁੱਝ ਕਹਿੰਦੇ ਹਨ ਕਿ ਇਹ ਕੁਰੱਪਟ ਹਨ। ਪਰ ਅਸੀਂ ਸੰਸਥਾਵਾਂ ਬਣਾਉਣ ਵੇਲੇ ਆਗੂ ਵਿੱਚ ਉਸਦੇ ਗੁਣਾਂ ਦੀ ਪੜਚੋਲ ਨਹੀਂ ਕਰਦੇ ਸਗੋਂ ਅਸੀਂ ਧੜੇਬਾਜ਼ੀ, ਇਲਾਕਾਬਾਜ਼ੀ ਅਤੇ ਜਾਤੀਵਾਦ ਵਿੱਚ ਜਿਆਦਾ ਯਕੀਨ ਰਖਦੇ ਹਨ।

ਅਗਲਾ ਮੁੱਦਾ ਹੈ ਕਿ ਪੰਥਕ ਹੋਣ ਦਾ ਰੁਝਾਨ ਘੱਟਦਾ ਜਾ ਰਿਹਾ ਹੈ ਅਸੀਂ ਧੜੇਬੰਦੀ ਵਿੱਚ ਫਸ ਗਏ ਹਾਂ। ਕੋਈ ਕਹਿੰਦਾ ਹੈ ਕਿ ਅਸੀਂ ਟਕਸਾਲੀ ਹਾਂ, ਅਸੀਂ ਮਿਸ਼ਨਰੀ ਹਾਂ ਜਾਂ ਅਸੀਂ ਕਿਸੇ ਹੋਰ ਗੁੱਟ ਦੇ ਮੈਂਬਰ ਹਾਂ। ਪੰਥ ਦਾ ਮੈਂਬਰ ਹੋਣ ਦਾ ਕੋਈ ਮਾਣ ਹੀ ਨਹੀਂ ਕਰ ਰਿਹਾ।
ਭਾਈ ਹਰਿੰਦਰ ਸਿੰਘ ਟੈਕਸਸ ਨੇ ਆਪਣੇ ਵਿਸ਼ੇ ਨੂੰ ਅੱਗੇ ਤੋਰਦਿਆਂ ਕਿਹਾ ਕਿ ਸਾਧਾਂ ਬਾਰੇ ਤਾਂ ਮੈਂ ਸਿਰਫ ਇਹੀ ਸੋਚਦਾ ਹਾਂ ਕਿ ਇਹ ਤਾਂ ਹੈ ਹੀ ਬਨਾਰਸ ਕੇ ਠੱਗ, ਇਹ ਸਾਨੂੰ ਕੀ ਦੇ ਸਕਦੇ ਹਨ। ਲੁੱਟਣਾ ਇਨਾਂ ਦਾ ਪੇਸ਼ਾ ਹੈ।

ਅਸੀਂ ਆਪਣੀ ਨੌਜੁਆਨ ਪਨੀਰੀ ਨੂੰ ਸੰਭਾਲਣ ਦੀਆਂ ਗੱਲਾਂ ਕਰਦੇ ਹਾਂ ਪਰ ਯੂਥ ਨੂੰ ਸੰਭਾਲਣ ਲਈ ਕੱਖ ਵੀ ਨਹੀਂ ਕਰ ਰਹੇ। ਇਕ ਕਵੀ ਦਾ ਕਹਿਣਾ ਹੈ ਕਿ ਅਗਰ ਕਿਸੇ ਕੌਮ ਨੇ ਆਪਣਾ ਵਿਕਾਸ ਕਰਨਾ ਹੈ ਤਾਂ ਉਸਨੂੰ ਜਾਨਣ ਦੀ ਲੋੜ ਹੈ ਕਿ ਉਸਦੀ ਕੌਮ ਦੇ 25 ਸਾਲ ਦੇ ਨੌਜੁਆਨ ਕੀ ਕਰ ਰਹੇ ਹਨ।

911 ਤੋਂ ਬਾਅਦ ਦੁਨੀਆਂ ਦਾ ਸਿਸਟਮ ਬਦਲ ਚੁੱਕਾ ਹੈ। ਅਸੀਂ ਸੋਚਦੇ ਹਾਂ ਕਿ ਸਾਡੀ ਕੋਈ ਮਦਦ ਨਹੀਂ ਕਰ ਰਿਹਾ। ਸੱਚ ਹੈ ਪਰ ਸੱਚ ਇਹ ਵੀ ਹੈ ਕਿ ਅਸੀਂ ਵੀ ਕਿਸੇ ਲਈ ਕੁੱਝ ਨਹੀਂ ਕਰ ਰਹੇ। ਅਸੀਂ ਬਾਜ਼ਨੀਆ ਵਿੱਚ ਨਹੀਂ ਗਏ, ਡਾਫਰ ਵਿੱਚ ਨਹੀਂ ਗਏ। ਸਾਡੀ ਮਦਦ ਕੋਈ ਕਿਉਂ ਕਰੇ।

ਸੀ.ਬੀ.ਸੀ. ਦੀ ਇੱਕ ਰਿਪੋਰਟ ਨੇ ਸਾਡੀ ਸਾਰੀ ਕੌਮ ਨੂੰ ਇੱਕ ਰੱਸੇ ਬੰਨ ਕੇ ਬਦਨਾਮ ਕਰ ਛੱਡਿਆ ਹੈ। ਸੋਚਣ ਦਾ ਵਿਸ਼ਾ ਹੈ ਕਿ ਸਾਡੇ ਨਾਲ ਇਹ ਕਿਉਂ ਹੋ ਰਿਹਾ ਹੈ। ਸਾਨੂੰ ਸਵੈ-ਪੜਚੋਲ ਕਰਨ ਦੀ ਲੋੜ ਹੈ। ਭਗਤ ਕਬੀਰ ਜੀ ਤਾਂ ਕਹਿੰਦੇ ਹਨ ਕਿ: *ਬੰਦੇ ਖੋਜ ਦਿਲ ਹਰ ਰੋਜ਼*। ਅਸੀਂ ਤਾਂ ਸੰਸਥਾਵਾਂ ਦੀ ਜਾਂ ਸਵੈ ਦੀ ਪੜਚੋਲ ਕਰਨ ਵਿੱਚ ਯਕੀਨ ਹੀ ਨਹੀਂ ਕਰਦੇ।

ਪੰਜਾਬ ਬਾਰੇ ਗੱਲ ਕੋਈ ਹੋਰ ਹੈ। ਪੰਜਾਬ ਨੂੰ ਹਿੰਦੋਸਤਾਨ ਨੇ ਹਰਾਇਆ ਹੈ। ਸ਼ਾਹ ਮੁਹੰਮਦ ਨੇ ਬੜੀ ਬਾਖੂਬੀ ਨਾਲ ਕਿਹਾ ਕਿ ਜੰਗ ਹਿੰਦ-ਪੰਜਾਬ ਦਾ ਹੋਣ ਲੱਗਾ। ਹਿੰਦੋਸਤਾਨ ਦੀਆਂ ਫੌਜ਼ਾਂ ਨੇ ਬ੍ਰਿਟਿਸ਼ ਫੌਜ਼ਾਂ ਨਾਲ ਰਲ ਕੇ ਪੰਜਾਬ ਨੂੰ ਹਰਾਇਆ ਸੀ। ਇਹ ਉਹੀ ਲੋਕ ਹਨ ਜੋ ਸੰਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਉਪਰ ਚੜ ਕੇ ਆਏ ਸਨ। ਦੁਨੀਆਂ ਦੇ ਲੋਕਾਂ ਨੂੰ ਸਾਡੇ ਇਤਹਾਸ ਦਾ ਇਹ ਪੱਖ ਵੀ ਦੱਸਣ ਦੀ ਲੋੜ ਹੈ ਕਿ ਪੰਜਾਬ ਇਨਾਂ ਨੇ ਬ੍ਰਿਟਿਸ਼ ਫੌਜਾਂ ਦੀ ਮਦਦ ਨਾਲ ਸਾਡੇ ਕੋਲੋਂ ਖੋਹਿਆ ਸੀ।

ਭਾਈ ਹਰਿੰਦਰ ਸਿੰਘ ਟੈਕਸਸ ਨੇ ਆਪਣੀ ਵਿਚਾਰ ਨੂੰ ਬੜੇ ਨਾਪੇ ਤੋਲੇ ਸ਼ਬਦਾਂ ਵਿੱਚ ਬੜੀ ਅਸਰਦਾਇਕ ਢੰਗ ਨਾਲ ਸਾਂਝੇ ਕੀਤਾ। ਉਨਾਂ ਦੱਸਿਆ ਕਿ ਪੰਜਾਬ ਅੰਦਰ ਐਜੂਕੇਸ਼ਨ, ਕੁੜੀ ਮਾਰਾਂ ਨਾਲ ਨੇੜਤਾ ਆਦਿ ਸਾਡੇ ਸਮਾਜ ਵਿੱਚ ਘਰ ਕਰ ਗਈਆਂ ਅਲਾਮਤਾਂ ਹਨ ਕਿ ਅਸੀਂ ਵਿਦਿਅਕ ਤੌਰ ਤੇ ਬੜੇ ਕਮਜ਼ੋਰ ਹੋ ਗਏ ਹਾਂ।

ਸਿੱਖ ਨੂੰ ਪਹਿਲਾਂ ਪੰਜਾਬੀਅਤ ਨਾਲ ਜੋੜਿਆ ਗਿਆ, ਹੁਣ ਪੰਜਾਬੀ ਦਾ ਹਿੰਦੀਕਰਣ ਕੀਤਾ ਜਾ ਰਿਹਾ ਹੈ। ਮੁਰਲੀ ਮਨੋਹਰ ਜੋਸ਼ੀ ਨੇ ਦੋ ਹਫਤੇ ਪਹਿਲਾਂ ਕਿਹਾ ਹੈ ਕਿ ਅਸੀਂ ਜਫਰਨਾਮਾ ਇਸ ਕਰਕੇ ਬੱਚਿਆਂ ਨੂੰ ਪੜਾ ਰਹੇ ਹਾਂ ਕਿ ਉਹ ਮੰਨ ਜਾਣ ਕਿ ਸਿੱਖ ਹਿੰਦੂ ਧਰਮ ਦਾ ਹਿੱਸਾ ਹਨ।
ਸਿੱਖਾਂ ਵਿੱਚ ਰਾਜਨੀਤਕ ਪਾਰਟੀਆਂ ਬੜਾ ਹੀ ਨਿਘਾਰ ਆ ਚੁੱਕਾ ਹੈ। ਇਹ ਖੁਦ ਪੰਥ ਤੋਂ ਪਿੱਛਾ ਛੁਡਾਉਣ ਵਿੱਚ ਲੱਗੀਆਂ ਹੋਈਆਂ ਹਨ। 1995 ਵਿੱਚ ਅਕਾਲੀ ਪਾਰਟੀ ਨੇ ਮੋਗੇ ਵਿੱਚ ਆਪਣੇ ਆਪ ਨੂੰ ਪੰਜਾਬੀ ਪਾਰਟੀ ਘੋਸ਼ਿਤ ਕਰ ਦਿੱਤਾ ਸੀ।

ਐਸ.ਜੀ.ਪੀ.ਸੀ. ਇੱਕ ਸਿੱਖ ਵਿਰੋਧੀ ਪਾਰਟੀ ਹੈ। ਇਹ ਅਮੀਰ ਸਿੱਖਾਂ ਦੀ ਰਾਜਨੀਤੀ ਦਾ ਅਖਾੜਾ ਹੈ। ਇਹ ਸ਼੍ਰੋਮਣੀ ਅਕਾਲੀ ਦਲ ਦਾ ਵਿੰਗ ਹੈ ਅਤੇ ਆਰ.ਐਸ.ਐਸ. ਤੋਂ ਪੁੱਛ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨਿਯੁਕਤ ਕਰਦੀ ਹੈ। ਅੰਗਰੇਜ਼ਾਂ ਵੇਲੇ ਅਰੂੜ ਸਿੰਘ ਗੋਰੇ ਦੇ ਕਹਿਣ ਤੇ ਜਨਰਲ ਡਾਇਰ ਨੂੰ ਸਿਰੋਪਾ ਦਿੰਦਾ ਸੀ ਤੇ ਹੁਣ ਦੇ ਜਥੇਦਾਰ ਬਾਦਲ ਅਤੇ ਆਰ ਐਸ. ਐਸ. ਦੇ ਇਸ਼ਾਰਿਆਂ ਤੇ ਚੱਲਦੇ ਹਨ। ਇਹ ਕਹਿ ਲਵੋ ਕਿ ਮੌਜੂਦਾ ਜਥੇਦਾਰ ਸਿੱਖਾਂ ਦੇ ਪ੍ਰਤੀਨੱਧ ਨਹੀਂ ਹਨ। ਇਹ ਬਾਦਲ ਦੇ ਏਜੰਟ ਹਨ ਅਤੇ ਸਿੱਖ ਵਿਰੋਧੀ ਗੱਲ ਕਰਦੇ ਹਨ। ਬਾਕੀ ਪੰਜਾਬ ਦੀਆਂ ਸਿੱਖ ਸੰਸਥਾਵਾਂ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਵਰਤਦੇ ਹਨ ਪਰ ਡਲਿਵਰੀ ਬਿਲਕੁਲ ਨਹੀਂ ਕਰਦੇ।

ਬੁੱਧੀਜੀਵੀਆਂ ਵਿੱਚ ਜੇ. ਐਸ. ਗਰੇਵਾਲ ਵਰਗੇ ਸਕਾਲਰਾਂ ਦੀਆਂ ਕਿਤਾਬਾਂ ਵਿਦਿਅਕ ਅਦਾਰਿਆਂ ਵਿੱਚ ਪੜਾਈਆਂ ਜਾਂਦੀਆਂ ਹਨ। ਇਹ ਸਕਾਲਰ ਕਹਿੰਦੇ ਹਨ ਕਿ ਸਿੱਖ ਵੱਖਰੇ ਨਹੀਂ, ਇਨਾਂ ਦੀ 100 ਪਹਿਲਾਂ ਪਛਾਣ ਕਾਇਮ ਹੋਈ ਹੈ। ਇਨਾਂ ਦੀਆਂ ਕਿਤਾਬਾਂ ਯੂਨੀਵਰਸਿਟੀਆਂ ਵਿੱਚ ਪੜਾਈਆਂ ਜਾਂਦੀਆਂ ਹਨ। ਇਨਾਂ ਦੀਆਂ ਕਿਤਾਬਾਂ ਨੂੰ ਸਿੱਖ ਇਤਹਾਸਿਕ ਕਿਤਾਬਾਂ ਨਹੀਂ ਕਹਿ ਦੇਣਾ ਚਾਹੀਦਾ।

ਕਰਨਾ ਕੀ ਹੈ:

ਸਾਨੂੰ ਕੌਣ ਰੋਕ ਰਿਹਾ ਹੈ ਕਿ ਗੁਰਮੁਖੀ ਨਾ ਸਿੱਖੋ, ਗੁਰਬਾਣੀ ਨਾ ਪੜੋ ਪਰ ਅਸੀਂ ਨਹੀਂ ਪੜਦੇ। ਸਾਨੂੰ ਹਰ ਸਮੇਂ ਪੰਥ ਦੇ ਹੱਕ ਵਿੱਚ ਭੁਗਤਣਾ ਚਾਹੀਦਾ ਹੈ। ਉਥੇ ਆਪਣਾ ਪੈਸਾ ਲਾਓ ਜਿਹੜਾ ਪੰਥ ਦੀ ਗੱਲ ਕਰਦੇ ਹਨ। ਜਿਹੜਾ ਕੌਮ ਵਿਰੋਧੀ ਹੈ ਉਸ ਕੋਲ ਸਾਡਾ ਪੈਸਾ ਨਹੀਂ ਜਾਣਾ ਚਾਹੀਦਾ।
ਅਗਰ ਅਸੀਂ ਆਪਣੀ ਸਪਿਰਟ ਨੂੰ ਕਾਇਮ ਰੱਖਣਾ ਤਾਂ ਸਾਨੂੰ ਗੁਰਬਾਣੀ ਦੇ ਲੜ ਲੱਗਣ ਦੀ ਲੋੜ ਹੈ। ਸਾਨੂੰ ਸਿੱਖੀ ਪ੍ਰੰਪਰਾਵਾਂ ਮੁੜ ਤੋਂ ਸੁਰਜੀਤ ਕਰਨ ਦੀ ਲੋੜ ਹੈ। ਅਗਰ ਅਸੀਂ ਮੁੜ ਤੋਂ ਪੁਨਰ ਦੀਪਤ ਹੋਣਾ ਚਾਹੁੰਦੇ ਹਾਂ ਤਾਂ ਗੁਰਬਾਣੀ ਦਾ ਲੜ ਫੜ ਕੇ ਚੱਲਣ ਦੀ ਲੋੜ ਹੈ।

ਸੈਮਨਾਰ ਵਿੱਚ ਚੁੱਪ ਦੀ ਘਾਟ ਸੀ। ਹਾਲ ਖਚਾਖਚ ਭਰ ਚੁੱਕਾ ਸੀ। ਲੋਕ ਸੈਮੀਨਾਰ ਨੂੰ ਇੱਕ ਦੀਵਾਨ ਵਾਂਗ ਸਮਝ ਰਹੇ ਸਨ। ਆਪਸ ਵਿੱਚ ਗੱਲਾਂ ਅਤੇ ਕੁੜ ਕੁੜ ਹੋ ਰਹੀ ਸੀ। ਇਥੇ ਬੱਚਿਆਂ ਦੀ ਭਰਮਾਰ ਸੀ ਜੋ ਹਰਕਤਾਂ ਕਰਦੇ ਸਨ। ਸੈਮੀਨਾਰ ਵਿੱਚ ਤਾਂ ਇਕਾਗਰਤਾ ਦੀ ਲੋੜ ਹੁੰਦੀ ਹੈ ਤਾਂ ਕਿ ਸਰੋਤਾਗਣ, ਬੁਲਾਰੇ ਨਾਮ ਮਾਨਸਿਕਤਾ ਮਿਲਾ ਕੇ ਚੱਲੇ ਅਤੇ ਉਸਦੇ ਹਰ ਨੁਕਤੇ ਦੀ ਗਹਿਰਾਈ ਵਿੱਚ ਜਾ ਕੇ ਉਸਦੇ ਭਾਵਾਂ ਨੂੰ ਪਕੜ ਸਕੇ। ਪ੍ਰਬੰਧਕਾਂ ਅਤੇ ਸਰੋਤਾਗਣਾਂ ਨੂੰ ਭਵਿੱਖ ਵਿੱਚ ਇਸ ਸਮੱਸਿਆ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਹੈ।

ਇੱਕ ਚਿੰਤਕ ਸਿੱਖ ਨੌਜੁਆਨ ਗੁਰਪ੍ਰੀਤ ਸਿੰਘ ਨੇ ਮਨਾਂ ਨੂੰ ਟੁੰਬਣ ਵਾਲੀ ਇੱਕ ਕਵਿਤਾ ਪੇਸ਼ ਕਰਕੇ ਆਪਣੇ ਵੱਖਰੇ ਅਤੇ ਢੁਕਵੇਂ ਅੰਦਾਜ਼ ਵਿੱਚ ਹਲੂਣਾ ਦੇਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੀ ਕਵਿਤਾ ਸੀ "ਓ ਮੇਰੇ ਸ਼ੇਰੋ ਪਿੱਛੇ ਪਰਤਿਓ ਇਥੇ ਭੱਠਾ ਬਹਿ ਗਿਆ, ਮੈਂ ਕਿਉਂ ਇੰਡੀਆ ਆਵਾਂ ਕਾਰ ਸੇਵੀਆਂ ਪੁੱਟੀਆਂ ਯਾਦਾਂ ਨਾਂ ਰਹੀਆਂ ਛਾਵਾਂ।।

ਅਗਲਾ ਬੁਲਾਰਾ ਟਰਾਂਟੋ ਨਿਵਾਸੀ ਬੀਬੀ ਇੰਦਰਪਾਲ ਕੌਰ ਸਨ। ਉਨ੍ਹਾਂ ਦੀ ਜਾਣ ਪਹਿਚਾਣ ਬੀਬੀ ਪਰਮਿੰਦਰ ਕੌਰ ਨੇ ਬੜੀ ਅਦਬੀ ਸ਼ਬਦਾਵਲੀ ਵਰਤਦਿਆਂ ਕਰਵਾਈ। ਪਰਮਿੰਦਰ ਕੌਰ ਅਤੇ ਉਨ੍ਹਾਂ ਦੇ ਪਤੀ ਸ੍ਰ. ਸਤਵੰਤ ਸਿੰਘ ਜੀ ਹੋਰਾਂ ਦਾ ਇਸ ਸੈਮੀਨਾਰ ਨੂੰ ਉਲੀਕਣ ਵਿੱਚ ਬੜਾ ਵੱਡਾ ਯੋਗਦਾਨ ਹੈ। ਕੌਮੀ ਪਿਆਰ ਵਿੱਚ ਭਿੱਜਿਆ ਇਹ ਪ੍ਰੀਵਾਰ ਬੱਚਿਆਂ ਵਿੱਚ ਸਿੱਖੀ ਦਾ ਪਿਆਰ ਉਜਾਗਰ ਕਰਨ ਲਈ ਓਕਵੈਲ ਗੁਰਦੁਆਰਾ ਸਾਹਿਬ ਵਿੱਚ ਬੜਾ ਸਰਗਰਮ ਰਹਿੰਦਾ ਹੈ।

ਇਸ ਮੌਕੇ ਬੁਲਾਰੀ ਬੀਬੀ ਇੰਦਰਪਾਲ ਕੌਰ ਨੇ ਬੇਨਤੀ ਕੀਤੀ ਕਿ ਮੇਰੇ ਵਿਚਾਰ ਸੁਣ ਕੇ ਮੈਨੂੰ ਇਉਂ ਨਾ ਘੋਖਿਆ ਜਾਵੇ ਕਿ ਮੈਂ ਕਿੰਨੀ ਕੁ ਗਿਆਨਵਾਨ ਹਾਂ ਕਿਉਂਕਿ ਮੈਂ ਇੱਕ ਘਰੇਲੂ ਔਰਤ ਹਾਂ ਜਿਹੜੀ ਘਰ ਦਾ ਕੰਮ ਕਾਰ ਕਰਨ ਤੋਂ ਬਾਅਦ ਗੁਰਮਤਿ ਗਿਆਨ ਹਾਸਿਲ ਕਰਕੇ ਸਾਂਝ ਪਾਉਣ ਦੀ ਕੋਸ਼ਿਸ ਕਰਦੀ ਹਾਂ।

ਅਸੀਂ ਭਾਵੇਂ ਮਰਦ ਹਾਂ ਇਸਤਰੀ, ਜਾਂ ਕਿਸੇ ਵੀ ਉਮਰ ਦੇ ਹਾਂ, ਸਿੱਖੀ ਨੂੰ ਪਿਆਰ ਕਰਦੇ ਹਾਂ ਜਾਂ ਨਹੀਂ, ਸਾਡੇ ਵਿਚਰਨ ਵਿੱਚ ਬਦਲੇ ਦੀ ਭਾਵਨਾ ਹੈ। ਘਰਾਂ ਵਿੱਚ, ਪ੍ਰੀਵਾਰਾਂ ਦੇ ਮੈਂਬਰਾਂ ਵਿੱਚ, ਗੁਰਦੁਆਰਿਆਂ ਦੀਆਂ ਕਮੇਟੀਆਂ ਵਿੱਚ ਜਾਂ ਦੂਸਰੇ ਧਰਮ ਦੇ ਲੋਕਾਂ ਦਰਮਿਆਨ ਬਦਲੇ ਦੀ ਭਾਵਨਾ ਮੌਜੂਦ ਹੈ। ਪਰ ਫਰੀਦ ਜੀ ਸਾਨੂੰ ਇਸਦੇ ਉਲਟ ਸਿਖਿਆ ਦਿੰਦੇ ਹਨ। ਉਹ ਫੁਰਮਾਂਦੇ ਹਨ ਕਿ ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ ॥ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥35॥
ਪਰ ਫਰੀਦ ਜੀ ਕਹਿੰਦੇ ਹਨ ਕਿ ਤੁਸੀਂ ਤਾਂ ਹਰ ਰੋਜ਼ ਚਿੰਤਾ ਲੈ ਕੇ ਸਾਉਂਦੇ ਹੋ। ਤੁਹਾਡਾ ਮੈਟਰਿਸ ਚਿੰਤਾ ਦਾ ਹੈ।

ਮੈਂ ਐਨੀ ਹੌਲੀ ਵੀ ਨਹੀਂ ਬੋਲਾਂਗੀ ਕਿ ਜਿਸ ਨਿਸ਼ਾਨੇ ਤੇ ਮੈਂ ਪਹੁੰਚਣਾ ਚਾਹੁੰਦੀ ਹਾਂ ਉਹ ਸਟੇਸ਼ਨ ਹੀ ਨਾ ਆਵੇ ਅਤੇ ਐਨੀ ਤੇਜ ਵੀ ਨਹੀਂ ਬੋਲਾਂਗੀ ਕਿ ਜਿਸ ਸਟੇਸ਼ਨ ਤੇ ਪਹੁੰਚਣਾ ਹੈ ਉਹ ਆ ਜਾਵੇ ਪਰ ਮੇਰੀ ਗੱਲ ਤੁਹਾਨੂੰ ਸਮਝੇ ਹੀ ਨਾ ਇਸ ਕਰਕੇ ਮੈਂ ਬੋਲੀ ਜਾਵਾਂਗੀ ਤੇ ਤੁਸੀਂ ਆਪੋ ਆਪਣੇ ਸਟੇਸ਼ਨ ਤੋਂ ਗੱਡੀ ਲੈਂਦੇ ਜਾਣਾ। ਸੱਚ ਹੈ ਕਿ ਮੈਂ ਜਿਸ ਦੇ ਵੀ ਨਜ਼ਦੀਕ ਗਈ ਹਾਂ ਉਸਨੇ ਮੈਨੂੰ ਵਰਤਣ ਦੀ ਕੋਸ਼ਿਸ਼ ਕੀਤੀ ਹੈ। ਹਰੇਕ ਇਨਸਾਨ ਇਕ ਦੂਜੇ ਨੂੰ ਵਰਤਣ ਦੀ ਕੋਸ਼ਿਸ਼ ਵਿੱਚ ਹੈ। ਭਾਈ ਆਪੋ ਆਪਣਾ ਸਟੇਸ਼ਨ ਵੇਖ ਕੇ ਗੱਡੀ ਤੇ ਸਵਾਰ ਹੋ ਜਾਇਓ।

ਜਦੋਂ ਕਿ ਸ਼ਰਾਬ ਦਾ ਸੇਵਨ ਕਰਨ ਵਾਲੇ ਨੂੰ ਪੁੱਛਿਆ ਬਈ ਤੁਸੀਂ ਸ਼ਰਾਬ ਕਿਉਂ ਪੀਂਦੇ ਹੋ? ਤਾਂ ਅੱਗਿਉਂ ਜੁਆਬ ਆਉਂਦਾ ਹੈ ਕਿ "ਓ ਅਸੀਂ ਕਿਹੜਾ ਅੰਮ੍ਰਿਤ ਛਕਿਆ ਦੁਨਿਆਵੀਂ ਬੰਦੇ ਹਾਂ"। ਜੇ ਅੰਮ੍ਰਿਤ ਨਹੀਂ ਛਕਿਆ ਤਾਂ ਸ਼ਰਾਬ ਪੀਣ ਦਾ ਲਾਈਸੈਂਸ ਮਿਲ ਜਾਂਦਾ ਹੈ?
ਮਨੁੱਖ ਘਰ ਵਿੱਚ ਹੋਰ, ਦਫਤਰ ਵਿੱਚ ਹੋਰ ਅਤੇ ਗੁਰਦੁਆਰੇ ਵਿੱਚ ਹੋਰ ਤਰਾਂ ਦਾ ਰਵੱਈਆ ਰੱਖਦਾ ਹੈ। ਇਸਦੀ ਸਭ ਵੱਖ ਵੱਖ ਦੁਨੀਆਵਾਂ ਹਨ ਅੱਜ ਸ਼ਬਦ ਸਫਾ 491 ਗੂਜਰੀ ਮਹਲਾ 3 ਪੰਚਪਦੇ ॥ ਨਾ ਕਾਸੀ ਮਤਿ ਊਪਜੈ ਨਾ ਕਾਸੀ ਮਤਿ ਜਾਇ ॥ ਸਤਿਗੁਰ ਮਿਲਿਐ ਮਤਿ ਊਪਜੈ ਤਾ ਇਹ ਸੋਝੀ ਪਾਇ ॥1॥ ਐਨਕਾਂ ਦਾ ਨੰਬਰ ਲੈਣ ਨਾਲ ਕਿ ਹੁਣ ਮੈਂ ਪੜ ਸਕਾਂਗਾ, ਦਾ ਮਤਲਬ ਇਹ ਨਹੀਂ ਕਿ ਹੁਣ ਤੁਸੀਂ ਪੜ ਗਏ ਹੋ ਕਿਉਂਕਿ ਪੜੇ ਹੋਣ ਲਈ ਤਾਂ ਪੜਨਾ ਹੀ ਪਵੇਗਾ।

ਸਾਨੂੰ ਭਰਮ ਭੁਲੇਖਿਆਂ ਨੇ ਆਪਣੀ ਪਕੜ ਵਿੱਚ ਲਿਆ ਹੋਇਆ ਹੈ। ਅੱਜ ਅਗਰ ਪਤਾ ਲੱਗ ਜਾਵੇ ਕਿ ਫਲਾਣੇ ਗੁਰਦੁਆਰੇ ਵਿੱਚ ਸੰਤ ਆਇਆ ਹੋਇਆ ਹੈ ਤੇ ਉਹ ਅਸ਼ੀਰਵਾਦ ਦਿੰਦਾ ਹੈ, ਤੁਹਾਡਾ ਵਪਾਰ ਵੱਧ ਜਾਵੇਗਾ, ਅਸੀਂ ਲਾਈਨ ਲਾ ਕੇ ਤੁਰ ਪੈਂਦੇ ਹਾਂ। ਦੁਨਿਆਵੀ ਪ੍ਰਾਪਤੀ ਨੇ ਸਾਨੂੰ ਗੁਲਾਮ ਬਣਾ ਕੇ ਰੱਖਿਆ ਹੋਇਆ ਹੈ।

ਹਰੀ ਕੀ ਕਥਾ ਬਾਰੇ ਵਿਚਾਰ ਕਰੀਏ ਤਾਂ ਗੁਰਦੁਆਰਿਆਂ ਵਿੱਚ ਕਥਾਵਾਚਿਕ ਚਮਤਕਾਰੀ ਗੱਲਾਂ ਸੁਣਾਉਂਦੇ ਹਨ। ਉਹ ਕਿਸੇ ਹੋਰ ਧਰਮ ਵਿੱਚ ਕਬੂਲ ਹੋ ਸਕਦੀਆਂ ਹਨ ਪਰ ਸਿੱਖ ਦੀ ਚੜਦੀ ਕਲਾ ਵਾਸਤੇ ਉਹ ਗੱਲਾਂ ਪ੍ਰਵਾਨ ਨਹੀਂ ਹਨ।

ਬੀਬੀ ਜੀ ਨੇ ਘਰਾਂ ਦੀਆਂ ਆਮ ਗੱਲਾਂ ਨੂੰ ਉਜਾਗਰ ਕਰਦਿਆਂ ਦੱਸਿਆ ਕਿ ਅੱਜ ਲਾਈਫ ਐਨੀ ਬਿਜ਼ੀ ਹੈ ਕਿ ਬੱਚਿਆਂ ਨੂੰ ਰਾਤੀਂ ਨਾਲ ਪਾ ਕੇ ਗੁਰੂ ਕੀ ਗੱਲਾਂ ਨਹੀਂ ਸੁਣਾਉਂਦੇ ਕਿਉਂਕਿ ਸਾਡੇ ਕੋਲ ਤਾਂ ਮਰਨ ਦੀ ਫੁਰਸਤ ਨਹੀਂ ਹੈ। ਅਸੀਂ ਮਾਇਆ ਦੇ ਤਿੰਨ ਗੁਣਾਂ ਦੇ ਚੱਕਰ ਵਿੱਚ ਫਸੇ ਹੋਏ ਹਾਂ, ਇਹ ਹਨ: ਰਜੋ, ਤਮੋ, ਸਤੋ।

ਸਤੋ, ਭਾਵ ਧਰਮ ਦਾ ਕੰਮ ਆਪਣਾ ਨਾਮ ਲੁਕਾਅ ਕੇ ਕਰ ਜਾਵਾਂ। ਮੈ ਬੰਗਲਾ ਸਾਹਿਬ ਵਿਖੇ ਤੜਕੇ 3 ਵਜੇ ਗੁਰਦੁਆਰਾ ਸਾਹਿਬ ਦੀਆਂ ਪੌੜੀਆਂ ਧੌਣ ਲੱਗੀ ਤਾਂ ਇੱਕ ਬੀਬੀ ਨੇ ਆ ਕੇ ਧੱਕਾ ਮਾਰਿਆ ਕਿ ਇਹ ਤਾਂ ਮੇਰੀ ਸੇਵਾ ਹੈ ਤੂੰ ਕੌਣ ਹੁੰਦੀ ਹੈ ਕਰਨ ਵਾਲੀ।

ਜਦੋਂ ਵਪਾਰ ਫੱਲਦਾ ਹੈ ਤਾਂ ਕਹਿ ਦਿੰਦੇ ਹਾਂ ਕਿ ਗੁਰੂ ਦੀ ਬੜੀ ਬਖਸ਼ਿਸ਼ ਹੈ। ਜਦੋਂ ਘਰ ਵਿੱਚ ਮੁੰਡਾ ਪੈਦਾ ਹੋ ਜਾਂਦਾ ਹੈ ਤਾਂ ਅਸੀਂ ਕਹਿ ਦਿੰਦੇ ਹਾਂ ਕਿ ਗੁਰੂ ਦੀ ਬੜੀ ਬਖਸ਼ਿਸ਼ ਹੋਈ ਹੈ। ਇਹ ਗੁਰੂ ਦੀ ਬਖਸ਼ਿਸ਼ ਕਹਿਣਾ ਛੱਡ ਦੇਈਏ। ਨਹੀਂ ਤਾਂ ਆਪਾਂ ਗੁਰੂ ਦੀ ਬਖਸ਼ਿਸ਼ ਦਾ ਵਿਸ਼ਾ ਕਦੇ ਸਮਝ ਨਹੀਂ ਸਕਾਂਗੇ। ਬੀਬੀ ਜੀ ਨੇ ਸੁਆਲ ਜੁਆਬ ਕਰਕੇ ਆਪਣਾ ਭਾਸ਼ਣ ਦਿੱਤਾ।

ਰੈਕਸਡੇਲ ਸਿੱਖ ਸਪਿਰਚੂਅਲ ਸੈਂਟਰ ਨਾਲ ਸਬੰਧਤ ਭਾਈ ਬਲਦੇਵ ਸਿੰਘ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਭਗਤ ਧੰਨਾ ਜੱਟ ਦੇ ਪੱਥਰ ਚੋਂ ਰੱਬ ਪਾਉਣ ਦੇ ਇਤਹਾਸ ਦੇ ਬ੍ਰਾਹਮਣੀਕਰਨ ਬਾਰੇ ਖੋਲ ਕੇ ਦੱਸਿਆ। ਉਨ੍ਹਾਂ ਦੱਸਿਆ ਕਿ ਭਗਤ ਧੰਨਾ ਜੱਟ ਇੱਕ ਨਿਰਸੁਆਰਥ ਭਗਤ ਸੀ ਜਿਸ ਕਰਕੇ ਉਸਨੇ ਪ੍ਰਮਾਤਮਾ ਦੀ ਪ੍ਰਾਪਤੀ ਕੀਤੀ ਨਾਂ ਕਿ ਪੱਥਰ ਪੂਜ ਕੇ।

## ਸਾਧਪੁਣੇ ਨੂੰ ਕਰਾਰੀ ਚੋਟ

ਖਾਲਸਾ ਕਮਿਊਨਟੀ ਸਕੂਲ ਮਾਲਟਨ ਦੇ ਬੱਚਿਆਂ ਨੇ ਦੋ ਸਕਿੱਟਾਂ ਪੇਸ਼ ਕੀਤੀਆਂ ਜਿਹੜੀਆ ਸਿੱਖ ਮਾਨਸਿਕਤਾ ਨੂੰ ਜਬਰਦਸਤ ਹਲੂਣਾ ਮਾਰ ਰਹੀਆਂ ਸਨ। ਪਾਖੰਡੀ ਬਾਬਿਆਂ ਦਾ ਅਜਿਹਾ ਸੀਨ ਖਿੱਚਿਆ, ਜੋ ਸ਼ਾਇਦ ਉਨ੍ਹਾਂ ਟਰਾਂਟੋ ਦੇ ਕਿਸੇ ਗੁਰਦੁਆਰੇ ਦੀ ਸਟੇਜ ਤੋਂ ਹੀ ਗ੍ਰਹਿਣ ਕੀਤਾ ਹੋਵੇਗਾ। ਨਾਟਕ ਵਿੱਚ ਇੱਕ ਬੀਬੀ ਨੇ ਸਾਧ ਦੇ ਚਰਨਾਂ ਮੱਥਾ ਟੇਕਦਿਆਂ ਆਪਣੇ ਪਤੀ ਦੀ ਸੁੱਖ ਸ਼ਾਂਤੀ ਮੰਗੀ, ਦੂਸਰੀ ਨੇ ਇੱਕ ਨੇ ਪੁੱਤਰ ਦੀ ਦਾਤ ਮੰਗੀ ਅਤੇ ਇੱਕ ਨੇ ਆ ਕੇ ਆਪਣੇ ਸਾਰੇ ਕੰਮ ਸਿੱਧੇ ਪੈਣ ਦਾ ਉਪਾਅ ਮੰਗਿਆ। ਨਾਟਕ ਵਿੱਚ ਪੇਸ਼ ਇਹ ਸਾਧ ਮੰਡਲੀ ਦਾ ਝਲਕਾਰਾ ਮੌਜੂਦਾ ਸਮੇਂ ਅੰਦਰ ਗੁਰਦੁਆਰਿਆਂ ਵਿੱਚ ਹੇੜਾਂ ਵਾਂਗੂੰ ਫਿਰ ਰਹੇ ਇਨਾਂ ਪਾਖੰਡੀ ਸਾਧਾਂ ਦੀ ਤਸਵੀਰ ਪੇਸ਼ ਕਰਦਾ ਸੀ। ਇਸ ਨਾਟਕ ਵਿੱਚ ਮੌਜੂਦ ਸਾਧ ਦਾ ਪਾਤਰ ਤਾਂ ਅਖੀਰ ਵਿੱਚ ਸੰਗਤ ਤੋਂ ਮੁਆਫੀ ਮੰਗ ਕੇ ਗੁਰੂ ਦੇ ਲੜ ਲੱਗ ਗਿਆ ਪਰ ਭਵਿੱਖ ਵਿੱਚ ਵੇਖਣ ਵਾਲੀ ਗੱਲ ਹੋਵੇਗੀ ਕਿ ਕਿੰਨੇ ਕੁ ਗੁਰੂਦੁਆਰਿਆਂ ਦੇ ਪ੍ਰਬੰਧਕਾਂ ਦੇ ਜਿਹਨ ਵਿੱਚ ਇਹ ਗੱਲ ਵੜਦੀ ਹੈ ਅਤੇ ਇਨਾਂ ਲੋਟੂ ਟੋਲਿਆਂ ਨੂੰ ਗੁਰੂ ਦੀ ਸਟੇਜ ਦੇਣ ਤੋਂ ਇਨਕਾਰੀ ਹੁੰਦੇ ਹਨ।

ਦੂਸਰੀ ਸਕਿੱਟ ਵਿੱਚ ਗੁਰਬਾਣੀ ਦੇ ਸਤਿਕਾਰ ਦੀ ਗੱਲ ਕੀਤੀ। ਇਸ ਵਿੱਚ ਇੱਕ ਔਰਤ ਜਪੁਜੀ ਸਾਹਿਬ ਦਾ ਪਾਠ ਕਰਦੀ ਹੈ ਵਿਚੇ ਹੀ ਫੋਨ ਆ ਜਾਦਾ ਹੈ, ਚਾਹ ਧਰੀ ਹੋਈ ਹੈ ਅਤੇ ਵਾਲਮਾਰਟ ਵਿੱਚ ਲੱਗੀ ਸੇਲ ਦਾ ਫਿਕਰ ਹੈ। ਅਖੀਰ ਵਿੱਚ ਉਹ ਅਰਦਾਸ ਕਰਨ ਤੋਂ ਬਿਨਾਂ ਹੀ ਵਾਲਮਾਰਟ ਨੂੰ ਜਾਣ ਲੱਗਦੀ ਹੈ ਤਾਂ ਛੋਟੀ ਬੱਚੀ ਪੁੱਛਦੀ ਹੈ ਕਿ ਮੰਮੀ ਅਰਦਾਸ ਨਹੀਂ ਕੀਤੀ ਤਾਂ ਔਰਤ ਕਹਿੰਦੀ ਕਿ ਵਾਲਮਾਰਟ ਵਿੱਚ ਸੇਲ ਲੱਗੀ ਹੋਈ ਹੈ ਅਰਦਾਸ ਆ ਕੇ ਕਰ ਲਵਾਂਗੇ ਉਥੇ ਕਿਤੇ ਸਮਾਨ ਨਾ ਮੁੱਕ ਜਾਵੇ। ਅਗਲੇ ਹਿੱਸੇ ਵਿੱਚ ਔਰਤ ਪਾਠ ਕਰਦੀ ਹੈ ਤੇ ਫੋਨ ਆ ਜਾਂਦਾ ਹੈ ਤਾਂ ਔਰਤ ਦਾ ਸਿੰਘ ਲੜਕਾ ਫੋਨ ਚੁੱਕ ਕੇ ਕਹਿ ਦਿੰਦਾ ਹੈ ਕਿ ਮੰਮੀ ਪਾਠ ਕਰਦੀ ਹੈ ਬਾਅਦ ਵਿੱਚ ਫੋਨ ਕਰ ਲਇਓ। ਇਸ ਵਿੱਚ ਦਰਸਾਇਆ ਗਿਆ ਹੈ ਕਿ ਗੁਰਬਾਣੀ ਦਾ ਸਤਿਕਾਰ ਕਿਵੇਂ ਕਰਨਾ ਹੈ।

ਅਗਲਾ ਬੁਲਾਰਾ ਬੜਾ ਵੱਖਰੀ ਕਿਸਮ ਦਾ ਵਿਸ਼ਾ ਲੈ ਕੇ ਸਟੇਜ ਤੇ ਆਇਆ। ਇਹ ਸੀ ਡਾ.ਗੁਰਵਿੰਦਰਪਾਲ ਸਿੰਘ, ਸੈਨੇਟੋਨੀਅਨ ਟੈਕਸਸ ਤੋਨ, ਜਿੰਨਾਂ ਦਾ ਵਿਸ਼ਾ ਸੀ ''ਸਿੱਖ ਦੀਆਂ ਪੁਰਾਤਨ ਕਦਰਾਂ ਕੀਮਤਾਂ''। ਡਾਲਰਾਂ ਦੀ ਗਿਣਤੀ ਮਿਣਤੀ ਤੋਂ ਆਪਣੀ ਗੱਲ ਸ਼ੁਰੂ ਕਰਦਿਆਂ ਜੀ.ਪੀ. ਸਿੰਘ ਨੇ ਕਿਹਾ ਕਿ 1 ਲੱਖ ਤੋਂ ਉਪਰ ਪੈਸੇ ਕਮਾਉਣ ਵਾਲੇ ਤੁਸੀਂ ਉੱਤਰੀ ਅਮਰੀਕਾ ਵਿੱਚ ਉਪਰਲੇ 2% ਵਿਚੋਂ ਵਸੋਂ ਵਿਚੋਂ ਹੋ। ਤੁਸੀਂ ਹੀ ਤਬਦੀਲੀ ਲਿਆਉਣਯੋਗ ਹੋ।

ਜਦੋਂ ਅਸੀਂ ਟੈਲੀਵਿਜ਼ਨ ਤੇ ਪਾਕਿਸਤਾਨ ਅਤੇ ਹੋਰਨਾਂ ਮੁਲਕਾਂ ਦੇ ਲੋਕਾਂ ਦੀ ਗਰੀਬੀ ਵੱਲ ਵੇਖਦੇ ਹਾਂ ਤਾਂ ਮਹਿਸੂਸ ਹੁੰਦਾ ਹੈ ਅਸੀਂ ਇਥੇ ਕਿਵੇਂ ਪਹੁੰਚ ਗਏ। ਜੁਆਬ ਇਹ ਹੈ ਕਿ ਸਾਡੇ ਗੁਰਸਾਹਿਬਾਨਾਂ ਅਤੇ ਵੱਡੇ ਵਡੇਰਿਆਂ ਦੀ ਕਮਾਈਆਂ ਸਦਕਾ ਇਹ ਹੋਇਆ ਹੈ।

ਜੀ.ਪੀ. ਸਿੰਘ ਨੇ ਕੁੱਝ ਸੁਆਲ ਕੀਤੇ ਕਿ:

ਮੁੱਢਲੇ ਲੋਕ ਸਿੱਖ ਕਿਉਂ ਬਣੇ?

ਉਨ੍ਹਾਂ ਨੇ ਧਰਮ ਕਿਉਂ ਬਦਲੀ ਕੀਤਾ?

ਉਹ ਕੀ ਪ੍ਰਾਪਤ ਕਰਨਾ ਚਾਹੁੰਦੇ ਸੀ? ਫੇਮ, ਪੈਸਾ, ਸ਼ਕਤੀ ਜਾਂ ਮਨ ਦੀ ਸ਼ਾਂਤੀ, ਜ਼ਿੰਦਗੀ ਦੀਆਂ ਚੰਗੀਆਂ ਸੁਵਿਧਾਵਾਂ, ਧਾਰਮਿਕਤਾ

ਅੰਦਾਜ਼ਾ ਲਾਓ ਕਿ ਅਗਰ ਉਹ ਲੋਕ ਬਦਲੀ ਹੋਏ, ਧਰਮ ਬਦਲਿਆ ਤਾਂ ਉਨ੍ਹਾਂ ਨੂੰ ਕਿੰਨੀਆਂ ਔਕੜਾ ਆਈਆਂ ਹੋਣਗੀ। ਅਗਰ ਹੁਣ ਅਸੀਂ ਉਸ ਧਰਮ ਨੂੰ ਛੱਡ ਜਾਈਏ ਤਾਂ ਸਾਡੇ ਤੋਂ ਵੱਡਾ ਮੂਰਖ ਕੌਣ ਹੋ ਸਕਦਾ ਹੈ।

ਗੁਰਬਾਣੀ ਗੁਣਾਂ ਦੀ ਖਜ਼ਾਨਾ ਹੈ, ਮੂਲਮੰਤਰ ਗੁਣਾਂ ਦਾ ਖੁਲਾਸਾ ਕਰਦਾ ਹੈ ਪਰ ਕੀ ਉਹ ਗੁਣ ਸਾਡੇ ਅੰਦਰ ਨਹੀਂ ਹੋਣੇ ਚਾਹੀਦੇ?

ਸਿੱਖ ਦੀ ਕੌਮੀ ਪ੍ਰਾਪਤੀ ਸਿੱਖ ਦੇ ਸਾਰਥਿਕ ਨਜ਼ਰੀਆ ਦੀ ਸਖਤ ਜਰੂਰਤ ਹੈ। ਫਿਲਮ ਵੇਖਣ ਜਾਣਾ ਹੋਵੇ ਤਾਂ ਸਮੇਂ ਸਿਰ ਪੁੱਜ ਜਾਂਦੇ ਹਾਂ, ਕੋਈ ਸਾਧ ਆਇਆ ਹੋਵੇ ਤਾਂ ਅਸੀਂ ਸਮੇਂ ਸਿਰਾ ਪੁੱਜ ਜਾਂਦੇ ਹਾਂ ਪਰ ਅਗਰ ਕੀਰਤਨ ਤੇ ਜਾਣਾ ਹੋਵੇ ਤਾਂ ਭੋਗ ਵੇਲੇ ਪਹੁੰਚਦੇ ਹਾਂ। **''Your Attitude results altitude''** ਭਾਵ ''ਤੁਹਾਡਾ ਨਜ਼ਰੀਆ ਤੁਹਾਡੀ ਬੁਲੰਦੀ ਨਾਪਦਾ ਹੈ''।

ਗੁਰੂ ਸਾਹਿਬ ਨੇ ਕਿਹਾ ਹੈ ਕਿ ਵੰਡ ਛੱਕਣਾ ਭਾਵ ਪਹਿਲਾਂ ਵੰਡਣਾ ਫਿਰ ਛੱਕਣਾ। ਅਗਰ ਗੁਰੂ ਸਾਹਿਬ ਕਹਿ ਦਿੰਦੇ ਕਿ ''ਛੱਕ ਵੰਡਣਾ'' ਤਾਂ ਅਸੀਂ ਇਉਂ ਹੀ ਕਰੀ ਜਾਣਾ ਸੀ। ਅਗਰ ਧਿਆਨ ਮਾਰੀਏ ਤਾਂ ਸੱਚਮੁੱਚ ਹੀ ਅਸੀਂ ''ਛੱਕ ਵੰਡਣਾ'' ਭਾਵ ਪਹਿਲਾਂ ਛਕਦੇ ਹਾਂ ਫਿਰ ਵੰਡਦੇ ਹਾਂ। ਸਾਨੂੰ ਗੁਰੂ ਦੇ ਇਸ ਗੁਣ ਨੂੰ ਗ੍ਰਹਿਣ ਕਰਨਾ ਚਾਹੀਦਾ ਹੈ।

ਸਿੱਖ ਦਾ ਮਤਲਬ, ਸਿੱਖਣਾ ਹੈ। ਮਨੁੱਖ ਦੇ ਦਿਮਾਗ ਦਾ ਵਿਕਾਸ ਹੁੰਦਾ ਰਹਿੰਦਾ ਹੈ ਇਸੇ ਕਰਕੇ ਹੀ ਅਸੀਂ ਸਿੱਖ ਭਾਵ ਹਮੇਸ਼ਾ ਸਿੱਖਦੇ ਹੀ ਰਹਿਣਾ ਹੈ। ਪਰ ਕੁੱਝ ਇਸ ਨੂੰ ਸ਼ਿਸ਼ ਕਹਿ ਦਿੰਦੇ ਹਨ, ਜੋ ਗਲਤ ਹੈ।

ਸਿੱਖੀ ਵਿੱਚ ਨਿਰਭਓ ਦੀ ਬੜੀ ਮਹੱਤਤਾ ਹੈ। ਡਰ ਵੱਖਰੀ ਗੱਲ ਹੈ। ਡਰ ਵਿੱਚ ਆ ਕੇ ਕੁੱਝ ਕਰਨਾ ਜਾਂ ਨਾ ਕਰਨਾ ਗੁਰਸਿੱਖੀ ਅਨੁਕੂਲ ਨਹੀਂ ਹੈ ਕਿਉਂਕਿ ਸਿੱਖ ਨਿਰਭਓ ਹੈ।

ਜੀ.ਪੀ. ਸਿੰਘ ਸਿੰਘ ਨੇ ਬੜੇ ਠਰੰਮੇ ਨਾਲ ਆਪਣੇ ਭਾਸ਼ਣ ਨੂੰ ਅੱਗੇ ਤੋਰਦਿਆਂ ਕਿਹਾ ਕਿ ਆਗੂ ਦਾ ਪਹਿਲਾ ਫਰਜ਼ ਹੈ ਅਗਲਾ ਆਗੂ ਪੈਦਾ ਕਰਨਾ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਤਿਆਰ ਕਰਕੇ ਪਹਿਲਾਂ ਅਗਲੇ ਆਗੂ ਭਾਵ ਪੰਜਾਂ ਦੇ ਸਿਧਾਂਤ ਨੂੰ ਸੁਰਜੀਤ ਕੀਤਾ ਅਤੇ ਪੰਜਾਂ ਅੱਗੇ ਸੀਸ ਨਿਵਾ ਕੇ ਆਪਣੀ ਪਾਵਰ ਉਨ੍ਹਾਂ ਨੂੰ ਟਰਾਂਸਫਰ ਕੀਤੀ। ਕੀ ਕੋਈ ਸਿੱਖ ਆਗੂ ਹੈ ਜਿਹੜਾ ਆਪਣੀ ਪਾਵਰ ਕਿਸੇ ਹੋਰ ਨੂੰ ਸੌਂਪਣ ਲਈ ਤਿਆਰ ਹੋ ਜਾਵੇ।

ਅਗਰ ਤੁਸੀਂ ਕਿਤੇ ਜਾ ਰਹੇ ਹੋ ਤਾਂ ਪਹਿਲਾਂ ਡਾਇਰੈਕਸ਼ਨ ਲਿਖਦੇ ਹੋ ਪਰ ਜ਼ਿੰਦਗੀ ਦੇ ਮਾਰਗ ਤੇ ਚੱਲਦਿਆਂ ਕੀ ਅਸੀਂ ਬੱਚਿਆਂ ਨੂੰ ਇਹ ਡਾਇਰੈਕਸ਼ਨਜ਼ ਦਿੱਤੀਆਂ ਹਨ। ਕੀ ਤੁਹਾਡੇ ਬੱਚੇ ਬੱਚੀਆਂ ਨੂੰ ਦੱਸਿਆ ਹੈ ਕਿ ਸਾਡੀਆਂ ਸਿੱਖੀ ਕਦਰਾਂ ਕੀਮਤਾਂ ਕੀ ਹਨ।

ਅਖੀਰ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਇਸ ਸੈਮੀਨਾਰ ਵਿੱਚ ਬੈਠੇ ਹੋ, ਤੁਹਾਨੂੰ ਰਾਜਿਆਂ ਵਾਂਗੂੰ ਮਹਿਸੂਸ ਕਰਨਾ ਚਾਹੀਦਾ ਹੈ ਕਿਉਂਕਿ ਤੁਸੀਂ ਆਪਣੇ ਵੱਡੇ ਵਡੇਰਿਆਂ ਦੀਆਂ ਘਾਲੀਆਂ ਘਾਲਣਾ ਸਕਦਾ ਦੁਨੀਆਂ ਦੇ ਟੌਪ 2% ਵਿਚੋਂ ਹੋ। ਅਗਰ ਅੱਜ ਕੋਈ ਧਰਮ ਬਦਲੀ ਕਰ ਲਵੇ ਤਾਂ ਇਹ ਕੋਈ ਬਿਗ ਡੀਲ ਨਹੀਂ ਹੋਵੇਗਾ ਪਰ 300 ਸਾਲ ਪਹਿਲਾਂ ਕਿਸੇ ਪਿੰਡ ਵਿੱਚ ਕਿਸੇ ਲਈ ਧਰਮ ਬਦਲੀ ਕਰਨਾ ਕਿੰਨਾ ਮੁਸ਼ਕਲ ਹੋਵੇਗਾ। ਇਸ ਨੂੰ ਮਹਿਸੂਸ ਕਰੋ ਕਿ ਤੁਹਾਡੇ ਵੱਡੇ ਵਡੇਰਿਆਂ ਨੇ ਜੋ ਪੂਰਨੇ ਪਾਏ ਹਨ ਉਸ ਤੇ ਪਹਿਰਾ ਦੇਵੋ ਅਤੇ ਕੌਮੀ ਭਵਿੱਖ ਨੂੰ ਸੁਧਾਰੋ।

ਇਨਾਂ ਤੋਂ ਅਲਗੇ ਬੁਲਾਰੇ ਸਿੰਘ ਸਾਹਿਬ ਪ੍ਰੋ. ਦਰਸ਼ਨ ਸਿੰਘ, ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਸਨ ਜਿੰਨਾਂ ਨੂੰ ਜੈਕਾਰਿਆਂ ਦੀ ਗੂੰਜ਼ ਵਿੱਚ ਸਟੇਜ ਤੇ ਬੁਲਾਇਆ ਗਿਆ। ਉਨ੍ਹਾਂ ਨੂੰ ਇੱਕ ਵਿਲੱਖਣ ਵਿਸ਼ਾ ਦਿੱਤਾ ਗਿਆ ਕਿ "ਗੁਰਦੁਆਰਿਆਂ ਦੇ ਪ੍ਰਬੰਧਕ ਅਤੇ ਪ੍ਰਚਾਰਕ"।

ਬੜੀ ਪ੍ਰਭਾਵਸ਼ਾਲੀ ਅਵਸਥਾ ਵਿੱਚ ਸਿੰਘ ਸਾਹਿਬ ਨੇ ਆਪਣਾ ਭਾਸ਼ਣ ਸ਼ੁਰੂ ਕੀਤਾ ਕਿ ਗੁਰਦੁਆਰਾ ਦੇ ਅੱਖਰੀ ਮਤਲਬ ਗੁਰੂ ਦੀ ਕ੍ਰਿਪਾ ਨਾਲ ਵੀ ਬਣਦਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਹਰ ਫੰਕਸ਼ਨ ਦੀ ਇਥੋਂ ਹੀ ਸ਼ੁਰੂਆਤ ਕੀਤੀ ਹੈ। ਸੰਗਤ ਇਕੱਠੀ ਕੀਤੀ ਅਤੇ ਉਸ ਅਸਥਾਨ ਦਾ ਨਾਮ ਧਰਮਸਾਲ ਕਿਹਾ।

ਸਿੱਖੀ ਦੇ ਵਿਕਾਸ ਲਈ ਦੋ ਸ਼ਕਤੀਆਂ ਜ਼ਿੰਮੇਵਾਰ ਹਨ। ਪ੍ਰਬੰਧਕ ਅਤੇ ਪ੍ਰਚਾਰਕ। ਮੁੱਖ ਤੌਰ ਤੇ ਪ੍ਰਬੰਧਕ ਵੱਡੇ ਜਿੰਮੇਵਾਰ ਹਨ ਕਿਉਂਕਿ ਉਨ੍ਹਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਗੁਰਦੁਆਰੇ ਵਿੱਚ ਅਜਿਹੇ ਨਿਯਮ ਬਣਾਏ ਜਾਣ ਜਿਸ ਨਾਲ ਪ੍ਰਚਾਰ ਕੀਤਾ ਜਾ ਸਕੇ। ਸਿੰਘ ਸਾਹਿਬ ਪ੍ਰੋ. ਦਰਸ਼ਨ ਸਿੰਘ ਜੀ ਨੇ ਕਿਹਾ ਕਿ ਗੁਰਦੁਆਰਿਆਂ ਵਿੱਚ ਮਹੰਤਾਂ ਦਾ ਕਬਜ਼ਾ ਵੀ ਹੁੰਦਾ ਰਿਹਾ ਹੈ। ਜਿਸ ਸਮੇਂ ਵਿੱਚ ਦੀ ਅੱਜ ਗੁਜ਼ਰ ਰਹੇ ਹਾਂ ਉਸ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਮਹੰਤ ਨਰੈਣੂ ਦਾਸ ਗੁਰਦੁਆਰਿਆਂ ਤੇ ਕਾਬਜ਼ ਸੀ ਤਾਂ ਗੁਰਦੁਆਰਾ ਨਿਜ਼ਾਮ ਬਦਲਣ ਲਈ ਸਿੰਘ ਸਭਾ ਲਹਿਰ ਨੇ ਜਨਮ ਲਿਆ।

ਮਾੜਾ ਪ੍ਰਬੰਧ ਸਿੱਖੀ ਸਰੂਪ, ਸਿੱਖੀ ਸਿਧਾਂਤ, ਸਿੱਖ ਧਰਮ ਅਤੇ ਸਿੱਖ ਫਲਸਫੇ ਲਈ ਘਾਤਕ ਹੋ ਸਕਦਾ ਹੈ। ਇਸਦਾ ਮਾੜਾ ਪ੍ਰਭਾਵ ਸਾਡੇ ਬੱਚਿਆਂ ਤੇ ਪੈਂਦਾ ਹੈ। ਗੁਰਦੁਆਰੇ ਸਿੱਖ ਸੰਗਤ ਦੀ ਜਾਇਦਾਦ ਹਨ, ਇਸ ਬਾਰੇ ਕੀ ਸਾਡੀ ਕੋਈ ਜ਼ਿੰਮੇਵਾਰੀ ਨਹੀਂ ਬਣਦੀ?

ਗੁਰਦੁਆਰਾ ਪ੍ਰਬੰਧ ਦੇ ਨਿਘਰਨ ਦੇ ਮੂਲ ਕਾਰਣ

1) ਗਲਤ ਚੋਣ ਪ੍ਰਣਾਲੀ
2) ਗਲਤ ਦਾਨ ਪ੍ਰਣਾਲੀ
3) ਅੰਧ ਵਿਸ਼ਵਾਸ
4) ਕੁੱਝ ਸਾਜਿਸ ਅਧੀਨ ਮਨਘਤ ਕਹਾਣੀ
5) ਬਿਨਾਂ ਸਮਝੇ ਧਰਮ ਅਤੇ ਰਾਜਨੀਤੀ ਦੀ ਸਾਂਝ
6) ਧਰਮ ਦਾ ਵਪਾਰੀਕਰਣ ਹੋ ਜਾਣਾ

ਇਕ ਗੱਲ ਸਪੱਸ਼ਟ ਹੈ ਕਿ ਪਦਾਰਰਥ ਨਾਲ ਪਰਮਾਰਥ ਨਹੀਂ ਬਣਾਇਆ ਜਾ ਸਕਦਾ। ਚੋਣ ਪਕ੍ਰਿਆ ਮਨੁੱਖ ਦੇ ਜੀਵਨ ਦਾ ਅਨਿਖੜਵਾਂ ਅੰਗ ਹੈ। ਕਲਾਸ ਰੂਮ ਚੋਂ ਮਿੱਤਰਾਂ ਦੀ ਚੋਣ, ਚੁਰਾਹੇ ਤੇ ਮੰਜ਼ਿਲ ਦੀ ਚੋਣ, ਕੱਪੜੇ ਦੀ ਦੁਕਾਨ ਤੇ ਫੱਬਦੇ ਕੱਪੜਿਆਂ ਦੀ ਚੋਣ ਅਤੇ ਜੁਆਨੀ ਵਿੱਚ ਆਪਣੇ ਜੀਵਨ ਸਾਥੀ ਦੀ ਚੋਣ ਕਰਨੀ ਇਹਦੇ ਜੀਵਨ ਦਾ ਹਿੱਸਾ ਹਨ।

ਅਜੋਕੇ ਸਮੇਂ ਅੰਦਰ ਹੀਰਿਆਂ ਦੀ ਜਿਆਦਾ ਪਕੜ ਵੱਧ ਗਈ ਹੈ। ਹੀਰਿਆਂ ਦੀ ਦੁਕਾਨ ਤੇ ਜਿਆਦਾ ਭੀੜ ਹੈ। ਹੀਰੇ ਪਾਉਣ ਵਾਲੇ ਸਾਰੇ ਜੌਹਰੀ ਜਾਂ ਪਾਰਖੂ ਨਹੀਂ ਹੁੰਦੇ, ਉਹ ਤਾਂ ਆਪਣੇ ਧਨ ਦਾ ਮੁਜਾਹਰਾ ਕਰਦੇ ਹਨ। ਕਿਉਂਕਿ ਪਾਰਖੂ ਹੋਣ ਦਾ ਮਾਮਲਾ ਤਾਂ ਚੋਣ ਨਾਲ ਜੁੜਦਾ ਹੈ।

ਡੈਮੋਕਰੇਸੀ ਵਿੱਚ ਬਹੁਤਿਆਂ ਦੀ ਫਤਿਹ ਹੁੰਦੀ ਹੈ। ਮਤ ਜਾਣਿਓ ਹਰ ਚੋਣ ਕਰਨ ਵਾਲਾ ਜਾਣਦਾ ਹੈ ਕਿ ਉਹ ਕੀ ਚੁਣ ਰਿਹਾ ਹੈ। ਇਹ ਚੋਣ ਪ੍ਰਣਾਲੀ ਸਾਡੇ ਅਦਾਰਿਆਂ ਵਿੱਚ ਆ ਕੇ ਬਹੁਤ ਨੁਕਸਾਨ ਕਰ ਰਹੀ ਹੈ।

ਅਸੀਂ ਵੇਖ ਰਹੇ ਹਾਂ ਕਿ ਸੰਗਤ ਨੂੰ ਪ੍ਰਵਾਨਿਤ ਕੀਤਾ ਜਾਂਦਾ ਹੈ ਅਤੇ ਸੰਗਤ ਬਾਰੇ ਕੋਈ ਸਿਧਾਂਤ ਲਾਗੂ ਨਹੀਂ ਹੁੰਦਾ। ਜਿਹੜਾ ਗੁਰਦੁਆਰੇ ਅੰਦਰ ਆ ਗਿਆ ਉਹੀ ਸੰਗਤ ਭਾਵੇਂ ਕਿ ਗੁਰੂ ਕਹਿੰਦਾ ਹੈ "ਸਤਿ ਸੰਗਤ ਐਸੀ ਜਾਣੀਐ ਜਿਥੇ ਇਕੋ ਨਾਮਿ ਵਖਾਣੀਐ"। ਇਹੀ ਸੰਗਤ, ਪ੍ਰਬੰਧਕਾਂ ਦੀ ਚੋਣ ਕਰਦੀ ਹੈ। ਅਗਰ ਸੰਗਤ ਵਿੱਚ ਮੂਰਤੀਪੂਜਕ ਬੈਠੇ ਹੋਣਗੇ ਤਾਂ ਪ੍ਰਬੰਧਕ ਪ੍ਰਣਾਲੀ ਸਿੱਖੀ ਸਿਧਾਂਤ ਨੂੰ ਸੱਟ ਮਾਰੇਗੀ। ਅਗਰ ਸ਼ਰਾਬ ਪੀਣ ਵਾਲੇ ਜਾਂ ਵਾਲਾਂ ਦੀ ਬੇਅਦਬੀ ਕਰਨ ਵਾਲੇ ਸੰਗਤ ਵਿੱਚ ਜਿਆਦਾ ਹੋਣਗੇ ਤਾਂ ਅਜਿਹੇ ਹੀ ਪ੍ਰਬੰਧਕ ਚੁਣੇ ਜਾਣਗੇ ਤੇ ਉਹ ਪ੍ਰਬੰਧਕ ਪ੍ਰਚਾਰਕਾਂ ਉਪਰ ਸ਼ਰਤਾਂ ਲਾਗੂ ਕਰਨਗੇ ਕਿ ਸ਼ਰਾਬ ਬਾਰੇ ਨਹੀਂ ਬੋਲਣਾ, ਜਾਂ ਕੇਸਾਂ ਦੀ ਬੇਅਦਬੀ ਬਾਰੇ ਨਹੀਂ ਬੋਲਣਾ ਕਿਉਂਕਿ ਇਸ ਨਾਲ ਪ੍ਰਬੰਧਕਾਂ ਦੇ ਸੁਆਰਥ ਨੂੰ ਸੱਟ ਵੱਜਦੀ ਹੈ।

ਅਸਲ ਮਾਅਨਿਆਂ ਵਿੱਚ ਗੁਰਦੁਆਰੇ ਸਿੱਖੀ ਦਾ ਸਕੂਲ ਹਨ ਅਤੇ ਸੰਗਤ ਉਸ ਸਕੂਲ ਦੇ ਵਿਦਿਆਰਥੀ ਹਨ। ਵਿਦਿਆਰਥੀ ਦੇ ਰੂਪ ਵਿੱਚ ਭਾਵੇਂ ਕੋਈ ਵੀ ਆਵੇ। ਪਰ ਵਿਦਿਆਰਥੀ ਪ੍ਰਬੰਧਕਾਂ ਦੀ ਚੋਣ ਨਾ ਕਰੇ।

ਅਗਲੀ ਮੁਸ਼ਕਲ ਦਾਨ ਪ੍ਰਣਾਲੀ ਦੀ ਹੈ। ਬ੍ਰਾਹਮਣੀ ਸਿਸਟਮ ਨੇ ਦਾਨ ਪ੍ਰਣਾਲੀ ਨੂੰ ਰੱਜ ਕੇ ਵਰਤਿਆ। ਪਹਿਲਾ ਕਿਹਾ ਕਿ ਦਾਨ ਤੀਰਥਾਂ ਤੇ ਜਾ ਕੇ ਦੇਣਾ ਸਫਲ ਹੈ, ਨਾਲ ਹੀ ਇਹ ਕਿਹਾ ਕਿ ਦਾਨ ਸਿਰਫ ਬ੍ਰਾਹਮਣ ਨੂੰ ਹੀ ਦਿੱਤਾ ਜਾਣਾ ਚਾਹੀਦਾ ਹੈ। ਬ੍ਰਾਹਮਣ ਨੂੰ ਦਾਨ ਦੇਣ ਸਕਦਾ "ਧੰਨ ਦਾਨ", "ਜਾਇਦਾਦ ਦਾਨ", "ਔਰਤ ਦਾਨ" ਆਦਿ ਗਲਤ ਪ੍ਰਥਾ ਪ੍ਰਬਲ ਹੋਈ।

ਜਦੋਂ ਦਾਤਾ (ਦੇਣ ਵਾਲਾ) ਦਇਆਵਾਨ ਹੁੰਦੈ ਉਹ ਦਾਨ ਕਰਦੈ, ਦਇਆ ਹਮੇਸ਼ਾਂ ਗਰੀਬ ਤੇ ਕੀਤੀ ਜਾਂਦੀ ਹੈ। ਕੀ ਸਾਡਾ ਗੁਰੂ ਗਰੀਬ ਹੈ, ਕੀ ਅਸੀਂ ਗੁਰੂ ਸਾਹਿਬ ਨੂੰ ਦਾਨ ਕਰ ਸਕਦੇ ਹਾਂ? ਸਿੱਖੀ ਵਿੱਚ ਲੋੜਵੰਦ ਨੂੰ ਕੀਤਾ ਦਾਨ ਹੀ ਸਫਲ ਹੈ। ਪਰ ਗੁਰੂ ਨੂੰ ਦਾਨ ਕਰਨ ਵਾਲਾ ਸਿੱਖ ਕਿਵੇਂ ਹੋ ਸਕਦਾ ਹੈ। ਇਸ ਕਰਕੇ ਗੁਰਦੁਆਰੇ ਵਿੱਚ ਜੋ ਪੈਸਾ ਅਸੀਂ ਦੇ ਰਹੇ ਹਾਂ ਉਹ ਦਾਨ ਨਹੀਂ ਹੁੰਦਾ, ਉਹ ਭੇਟਾ ਹੁੰਦੀ ਹੈ। ਸਿੱਖ ਨੂੰ ਗੁਰੂ ਸਾਹਮਣੇ ਆਪਣੀ ਮਤ ਭੇਟ ਕਰਨ ਦਾ ਆਦੇਸ ਹੈ। ਆਪਣੀ ਮਤ ਸਿੱਖ ਗੁਰੂ ਨੂੰ ਭੇਟ ਨਹੀਂ ਕਰ ਰਿਹਾ ਸਗੋਂ ਪੈਸਾ ਭੇਟ ਕਰਕੇ ਗੁਰਦੁਆਰਿਆਂ ਵਿੱਚ ਲੜਾਈਆਂ ਝਗੜਿਆਂ ਨੂੰ ਸੁਹਿ ਦੇ ਰਿਹਾ ਹੈ।

ਖੇਤੁ ਪਛਾਣੈ ਬੀਜੈ ਦਾਨੁ ॥ ਸੋ ਖਤ੍ਰੀ ਦਰਗਹ ਪਰਵਾਣੁ ॥

ਸਿੰਘ ਸਾਹਿਬ ਪ੍ਰੋ. ਦਰਸ਼ਨ ਸਿੰਘ ਨੇ ਅੱਗੇ ਕਿਹਾ ਕਿ ਅੱਜ ਧਰਮ ਕੇਵਲ ਵਪਾਰ ਬਣ ਕੇ ਰਹਿ ਗਿਆ ਹੈ। ਪਿਆਰ ਸਮਰਪਣ ਹੈ ਅਤੇ ਵਪਾਰ ਰੀਅਰਪਣ ਹੈ। ਪਿਆਰ ਕਰਨ ਵਾਲੇ ਕੁੱਝ ਦੇਣਾ ਚਾਹੁੰਦੇ ਹਨ ਅਤੇ ਵਪਾਰ ਵਾਲੇ ਕੁੱਝ ਹਾਸਿਲ ਕਰਨਾ ਚਾਹੁੰਦੇ ਹਨ। ਅੱਜ ਸਾਡੇ ਧਾਰਮਿਕ ਅਦਾਰਿਆਂ ਵਿੱਚ ਪਿਆਰ ਕਰਨ ਵਾਲੇ ਘੱਟ ਤੇ ਵਪਾਰੀ ਜਿਆਦਾ ਹੈ। ਅਸੀਂ ਗਿਣਤੀਆਂ ਮਿਣਤੀਆਂ ਵਿੱਚ ਪੈ ਗਏ ਹਾਂ। ਇੰਗਲੈਂਡ ਵਿੱਚ ਇਕ ਵੈਸਾਖੀ ਨਗਰ ਕੀਰਤਨ ਤੇ ਤਾਜ਼ੀ ਹਜ਼ਾਮਤ ਕਰਨ ਵਾਲਾ ਕਲਾਕਾਰ ਬੁਲਾਇਆ ਗਿਆ ਜਿਸ ਨੇ ਇੱਕ ਵੀ ਸ਼ਬਦ ਖਾਲਸੇ ਦੇ ਸਿਧਾਂਤ ਬਾਰੇ ਨਹੀਂ ਕਿਹਾ, ਪਰ ਹਾਂ ਉਸ ਨੂੰ ਵੇਖਣ ਲਈ ਲੋਕਾਂ ਦੀ ਵੱਡੀ ਭੀੜ ਜਮਾਂ ਹੋ ਗਈ ਸੀ। ਭਾਵੇਂ ਕਿ ਨਗਰ ਕੀਰਤਨ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਤਾਂ ਅਸੀਂ ਸੰਗਤ ਆਖਦੇ ਹਾਂ। ਸਾਡੇ ਧਾਰਮਿਕ ਅਦਾਰਿਆਂ ਦਾ ਵਪਾਰੀਕਰਨ ਇਥੋਂ ਤੱਕ ਹੋ ਗਿਆ ਹੈ ਕਿ ਅਸੀਂ ਸੰਗਤ ਪ੍ਰਣਾਲੀ ਵੀ ਵਿਗਾੜ ਲਈ ਹੈ।

ਇੱਕ ਵਿਸ਼ਾ ਮੈਂ ਛੂਹਣਾ ਚਾਹੁੰਦਾ ਹਾਂ ਉਹ ਹੈ ਪ੍ਰਚਾਰ ਦਾ ਵਿਸ਼ਾ। ਪ੍ਰਚਾਰ ਮੀਡੀਆ ਅੱਜ ਦੇ ਯੁੱਗ ਦੀ ਸਭ ਤੋਂ ਅਹਿਮ ਅੰਗ ਹੈ। ਦੁਨਿਆਵੀ ਪ੍ਰਚਾਰ ਮੀਡੀਆ ਵਪਾਰ ਨਾਲ ਜੁੜਿਆ ਹੋਇਆ ਹੈ ਜਦੋਂ ਕਿ ਧਰਮ ਪ੍ਰਚਾਰ ਦਾ ਮੀਡੀਆ ਪਿਆਰ ਨਾਲ ਸਬੰਧਤ ਹੋਣਾ ਚਾਹੀਦਾ ਸੀ।

ਕਈ ਲੋਕ ਇਹ ਵੀ ਸੋਚਦੇ ਹਨ ਕਿ ਜਿਹੜਾ ਕੀਰਤਨੀਆ ਕੀਰਤਨ ਦੀ ਟੇਪ ਬਣਾ ਕੇ ਵੇਚਦਾ ਹੈ ਉਹ ਗੁਰਬਾਣੀ ਵੇਚਦਾ ਹੈ ਜੋ ਸਰਾਸਰ ਗਲਤ ਹੈ। ਕਿਉਂਕਿ ਕੀਰਤਨੀਏ ਦੇ ਜੀਵਨ ਦੀਆਂ ਵੀ ਲੋੜਾਂ ਹਨ ਪਰ ਇਨਾਂ ਲੋੜ ਦੀ ਪੂਰਤੀ ਦੇ ਬਾਵਜੂਦ ਵੀ ਪ੍ਰਚਾਰਕ ਨੂੰ ਇਸਦੇ ਵਪਾਰੀਕਰਣ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਵਪਾਰੀਕਰਣ ਉਥੋਂ ਸ਼ੁਰੂ ਹੁੰਦਾ ਹੈ ਜਦੋਂ ਅਸੀਂ ਫੀਸਾਂ ਨਿਸਚਤ ਕਰਦੇ ਹਾਂ ਕਿ ਕੀਰਤਨ ਦੀ ਐਨੀ ਫੀਸ, ਪਾਠ ਦੀ ਐਨੀ ਫੀਸ ਆਦਿ।

ਵਪਾਰ ਦੀ ਜੁਗਤ ਹੈ ਕਿ ਘੱਟ ਨਿਵੇਸ਼ ਕਰੋ ਤੇ ਵੱਧ ਕਮਾਓ। ਹੁਣ ਜਦੋਂ ਕੀਰਤਨੀਏ ਨੂੰ ਪਤਾ ਹੀ ਹੈ ਕਿ ਉਸਨੂੰ ਨਿਸਚਿਤ ਫੀਸ ਮਿਲਣੀ ਹੈ ਤਾਂ ਉਹ ਖੋਜ ਕਰਨ ਵੱਲ ਸਮਾਂ ਨਿਵੇਸ਼ ਕਰਨ ਦੀ ਜਰੂਰਤ ਮਹਿਸੂਸ ਨਹੀਂ ਕਰਦਾ। ਵਪਾਰੀਕਰਣ ਇਉਂ ਘਾਤਕ ਸਿੱਧ ਹੋ ਰਿਹਾ ਹੈ।

ਪ੍ਰਚਾਰ ਦਾ ਕੇਂਦਰ ਗੁਰਦੁਆਰਾ ਵੀ, ਵਪਾਰਕ ਕੇਂਦਰ ਬਣ ਕੇ ਰਹਿ ਗਿਆ ਹੈ ਕਿਉਂਕਿ ਪ੍ਰਚਾਰਕ ਅਤੇ ਪ੍ਰਬੰਧਕ ਦੋਵੇਂ ਹੀ ਵਪਾਰ ਬਾਰੇ ਸੋਚਦੇ ਹਨ। ਵਪਾਰ ਚੱਲ ਰਿਹਾ ਹੈ, ਪਰ ਪ੍ਰਚਾਰ ਨਹੀਂ ਹੋ ਰਿਹਾ।

ਕੀ ਹੋਣਾ ਚਾਹੀਦਾ ਹੈ?

ਸਿਆਸੀ ਲੋਕਾਂ ਨੂੰ ਗੁਰਦੁਆਰਿਆਂ ਤੋਂ ਵੱਖ ਕਰ ਦਿਓ

ਸਾਧਾਂ ਨੂੰ ਸਟੇਜਾਂ ਮੱਤ ਦਿਓ

ਪ੍ਰਬੰਧਕਾਂ ਨੂੰ ਧਾਰਮਿਕ ਵਿਸ਼ਾ ਦਿਓ

ਪ੍ਰਚਾਰਕ ਨੂੰ ਕਹੋ ਕਿ ਜਿੰਨਾਂ ਚਿਰ ਤੁਸੀਂ ਇਥੇ ਰਹਿਣਾ ਹੈ ਹਰ ਰੋਜ਼ ਨਵੇਂ ਸ਼ਬਦ ਦਾ ਕੀਰਤਨ ਕਰੋ। ਜਿਸ ਸ਼ਬਦ ਦਾ ਕੀਰਤਨ ਕਰਨਾ ਹੈ ਉਸਦੇ ਅਰਥ ਸੰਗਤ ਨਾਲ ਸਾਂਝੇ ਕਰੋ ਅਤੇ ਕੀਰਤਨੀਏ ਨੂੰ ਸ਼ਬਦ ਲਿਖ ਕੇ ਮੂਹਰੇ ਰੱਖਣ ਦੀ ਇਜਾਜ਼ਤ ਨਾ ਦਿਓ। ਅਗਰ ਇਹ ਕੁੱਝ ਤੁਸੀਂ ਕਰ ਸਕੋਂਗੇ ਸਮਝੋ ਕੁੱਝ ਸੁਧਾਰ ਹੋਣਾ ਸ਼ੁਰੂ ਹੋ ਜਾਵੇਗਾ।

ਸਿੰਘ ਸਾਹਿਬ ਜੀ ਦਾ ਭਾਸ਼ਨ ਖਤਮ ਹੋਣ ਤੋਂ ਬਾਅਦ ਸੁਸਰੀ ਵਾਂਗੂੰ ਸੁੱਤੇ ਲੋਕਾਂ ਵਿੱਚ ਘੁਸਰ ਮੁਸਰ ਸ਼ੁਰੂ ਹੋ ਗਈ ਅਤੇ ਸਹਿਜੇ ਸਹਿਜੇ ਹਾਲ ਖਾਲੀ ਹੋਣਾ ਸ਼ੁਰੂ ਹੋਇਆ। ਇਉਂ ਲੱਗਦਾ ਸੀ ਕਿ ਹੁਣ ਸਟੇਜ ਜੰਮ ਨਹੀਂ ਸਕੇਗੀ। ਪ੍ਰਬੰਧਕਾਂ ਨੇ ਬੜੀਆਂ ਬੇਨਤੀਆਂ ਕੀਤੀਆਂ ਕਿ ਥੋੜਾ ਜਿਹਾ ਪ੍ਰੋਗ੍ਰਾਮ ਰਹਿ ਗਿਆ ਸੰਗਤ ਜੀ ਸੁਣ ਕੇ ਜਾਇਓ ਪਰ ਬਾਹਰ ਜਾਣ ਵਾਲਿਆਂ ਦੇ ਵਹਿਣ ਨੂੰ ਠੱਲ ਨਾ ਪਾ ਸਕੇ।

ਅੱਜ ਦੇ ਸੈਮੀਨਾਰ ਦਾ ਆਖਰੀ ਬੁਲਾਰਾ ਕਰਨਲ ਗੁਰਬਰਿੰਦਰ ਸਿੰਘ ਸੰਧੂ, ਦੇ ਭਾਸਣ ਵੇਲੇ 25-30% ਸੰਗਤ ਜਾ ਚੁੱਕੀ ਸੀ। ਕਰਨਲ ਜੀ. ਐਸ ਸੰਧੂ ਨੇ ਬੜੀ ਕੜਕਵੀਂ ਆਵਾਜ਼ ਵਿੱਚ ਫਤਹਿ ਸਾਂਝੀ ਕੀਤੀ ਤਾਂ ਚਿੜੀ-ਗਾਣ ਬੰਦ ਹੋਇਆ। ਉਨਾਂ ਦੱਸਿਆ ਕਿ ਬੱਚਿਆਂ ਨੂੰ ਮਾਪਿਆਂ ਵਲੋਂ ਸੁਣਾਈਆਂ ਜਾ ਰਹੀਆਂ ਕਥਾ ਕਹਾਣੀਆਂ, ਬੱਚੇ ਦੇ ਜੀਵਨ ਵਿੱਚ ਰੰਗ ਲਿਆਂਦੀਆਂ ਹਨ।

ਉਨਾਂ ਦੱਸਿਆ ਕਿ ਕਿਸ ਤਰਾਂ ਨਿਹੰਗ ਅਜੀਤ ਸਿੰਘ ਪੂਹਲੇ ਤੋਂ ਅਸੀਂ ਸੱਤ ਗੁਰਦੁਆਰੇ ਆਜ਼ਾਦ ਕਰਵਾਏ ਹਨ ਅਤੇ ਦੁਸ਼ਟ ਨੂੰ ਜੇਲ੍ਹ ਕਰਵਾਈ ਹੈ। ਜਦੋਂ ਅਸੀਂ ਇਸ ਵਿੱਚ ਸਫਲਤਾ ਹਾਸਿਲ ਕੀਤੀ ਤਾਂ ਮੈਨੂੰ ਇੱਕ ਹੋਰ ਡੇਰੇ ਵਾਲੇ ਨੇ ਪੁੱਛਿਆ ਕਿ ਕਰਨਲ ਸਾਹਿਬ 7 ਗੁਰਦੁਆਰੇ ਤੁਸੀਂ ਆਜ਼ਾਦ ਕਰਵਾਏ, ਕੋਈ ਕੋਲ ਨਹੀਂ ਰੱਖਿਆ? ਮੈਂ ਕਿਹਾ ਕਿ ਮੈਂ ਤਾਂ ਇੱਕ ਫੌਜੀ ਹਾਂ ਮੈਂ ਗੁਰਦੁਆਰੇ ਤੋਂ ਕੀ ਕਰਵਾਉਣਾ ਸੀ। ਮੈਂ ਤਾਂ ਕੋਈ ਸਾਧ ਸੰਤ ਨਹੀਂ ਹਾਂ ਤਾਂ ਉਹ ਸਾਧ ਕਹਿੰਦਾ ਤੁਹਾਡਾ ਤੇਲ ਪਾਣੀ ਕਿਵੇਂ ਚੱਲਦਾ? ਮੈਂ ਕਿਹਾ ਕਿ ਮੈਂ ਰਿਟਾਇਰਡ ਫੌਜੀ ਹਾਂ।

ਅੱਜ ਸਿੱਖ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਲੀਡਰਸ਼ਿਪ ਦੀ ਨਾਕਾਮਯਾਬੀ ਸ਼ਿਖਰ ਤੇ ਹੈ। 1984 ਵਿੱਚ ਆਗੂ ਹੱਥ ਖੜੇ ਕਰਕੇ ਬਾਹਰ ਆ ਗਏ ਤੇ ਸਿੱਖ ਕੌਮ ਦਾ ਘਾਣ ਹੋਣ ਦਿੱਤਾ। ਜਦੋਂ ਸਾਨੂੰ ਪਾਰਲੀਮੈਂਟ ਵਿੱਚ ਜਾਣ ਦਾ ਮੌਕਾ ਮਿਲਿਆ ਅਸੀਂ ਨਹੀਂ ਗਏ ਜਿਸ ਦੀ ਮੈਨੂੰ ਹੁਣ ਤੱਕ ਸਮਝ ਨਹੀਂ ਆਉਂਦੀ। ਇਸ ਤੋਂ ਬਾਅਦ 1992 ਵਿੱਚ ਪੰਜਾਬ ਵਿੱਚ ਹੋਈਆਂ ਚੋਣਾਂ ਦਾ ਅਸੀਂ ਬਾਈਕਾਟ ਕੀਤਾ। ਇਹ ਲਗਾਤਾਰ ਨਾਕਾਮਯਾਬੀ ਦੀ ਗਾਥਾ ਹੈ।

ਸਾਨੂੰ ਆਪਣੀ ਸਥਿਰ ਤੇ ਮਜਬੂਤ ਲੀਡਰਸ਼ਿਪ ਦੀ ਲੋੜ ਹੈ। ਥਿੰਕ ਟੈਂਕ ਬਣਾਓ, ਐਥੋਂ ਦੇ ਲੋਕਾਂ ਨੂੰ ਸਿੱਖ ਧਰਮ ਬਾਰੇ ਦੱਸੋ। ਨਾਮ ਜਪੋ, ਭਾਵੇਂ ਮੂਲ ਮੰਤਰ ਦਾ ਹੀ ਕਰੋ। ਕ੍ਰਿਤ ਕਰੋ ਪਰ ਅਜਿਹੀ ਕਿਰਤ ਨਾ ਕਰੋ ਜਿਵੇਂ ਮੈਂ ਕੈਲਗਰੀ ਵਿੱਚ ਵੇਖਿਆ, ਦਾਹੜਾ ਪ੍ਰਕਾਸ਼ ਹੈ ਅਤੇ ਅੰਦਰ ਸ਼ਰਾਬ ਅਤੇ ਸਿਗਰਟਾਂ ਵੇਚੀਆਂ ਜਾ ਰਹੀਆਂ ਹਨ। ਜਮਾਤ ਕਰਾਮਾਤ ਹੈ। ਪਰ ਅਸੀਂ ਇੱਕ ਦੂਜੇ ਦੀ ਲੱਤ ਖਿੱਚਣ ਦੇ ਪੇਸ਼ਾਵਰ ਹਾਂ।

"ਹਿੰਮਤੇ ਮਰਦ, ਮਰਦੇ ਖੁਦਾ"। ਅਗਰ ਕੋਈ ਕਮੇਟੀ ਗੁਰਦੁਆਰਾ ਨਹੀਂ ਛੱਡਦੀ ਤਾਂ ਸਾਨੂੰ ਸੱਦ ਲਵੋ ਅਸੀਂ ਛੁਡਾ ਦਿੰਦੇ ਹਾਂ। ਤਕੜੇ ਹੋਵੋ। ਯੂਨਾਈਟਡ ਵੀ ਸਟੈਂਡ, ਡੀਵਾਈਡਡ ਵੀ ਫਾਲ

ਕਰਨਲ ਐਲ. ਐਸ ਸੰਧੂ ਨੂੰ ਇਸ ਮੌਕੇ ਸ਼ਕਤੀ ਦਾ ਪ੍ਰਤੀਕ, ਸੁੰਦਰ ਸ੍ਰੀ ਸਾਹਿਬ ਦੇ ਕੇ ਨਿਰਵੈਰ ਰੇਡੀਓ ਵਲੋਂ ਵਲੰਟੀਅਰ ਬੱਚੀਆਂ ਵਲੋਂ ਸਨਮਾਨਿਤ ਕੀਤਾ। ਕਰਨਲ ਐਲ. ਐਸ ਸੰਧੂ ਦੀਆਂ ਸਾਧਾਂ ਖਿਲਾਫ ਨਿਭਾਈਆਂ ਜਾ ਰਹੀਆਂ ਸੇਵਾਵਾਂ ਵਿੱਚ ਯੋਗਦਾਨ ਪਾਉਣ ਲਈ ਰਸ਼ ਲੂਬ ਦੇ ਜਸਕਰਨ ਸਿੰਘ ਵਲੋਂ $500 ਅਤੇ ਰੀਅਲਟਰ ਜਸਦੇਵ ਸਿੰਘ $2100 ਅਤੇ ਗੁਪਤ $250 ਭੇਟ ਕੀਤੇ ਗਏ।

ਅਖੀਰ ਵਿੱਚ ਸੁਆਲ ਜੁਆਬ ਦਾ ਸਿਲਸਿਲਾ ਸ਼ੁਰੂ ਹੋਇਆ। ਇਸ ਵਿੱਚ ਡਾ.ਗੁਰਵਿੰਦਰਪਾਲ ਸਿੰਘ, ਸੈਨੇਟੋਨੀਅਨ ਟੈਕਸਸ, ਭਾਈ ਹਰਿੰਦਰ ਸਿੰਘ ਟੈਕਸਸ, ਬੀਬੀ ਇੰਦਰਪਾਲ ਕੌਰ, ਕਰਨਲ ਲਖਵਿੰਦਰ ਸਿੰਘ ਸੰਧੂ ਨੇ ਹਿੱਸਾ ਲਿਆ। ਸਿੰਘ ਸਾਹਿਬ ਪ੍ਰੋ. ਦਰਸ਼ਨ ਸਿੰਘ ਆਪਣੇ ਭਾਸ਼ਨ ਤੋਂ ਬਾਅਦ ਚਲੇ ਗਏ ਸਨ।

ਹਰਿੰਦਰ ਸਿੰਘ ਟੈਕਸਸ ਵਲੋਂ ਸੀ.ਬੀ.ਸੀ. ਦੀ ਡਾਕੂਮੈਂਟਰੀ ਬਾਰੇ ਪੁੱਛੇ ਸੁਆਲ ਦੇ ਜੁਆਬ ਵਿੱਚ ਕਿਹਾ ਕਿ ਸਾਡੇ ਕੋਲ 2 ਹੱਲ ਹਨ। ਇੱਕ ਤਾਂ ਸੀ.ਬੀ.ਸੀ. ਦੇ ਐਂਬਡਸਮੈਨ ਨੂੰ ਤੱਥਾਂ ਦੇ ਆਧਾਰ ਤੇ ਖੋਜ ਕਰਕੇ ਪੇਸ਼ਕਾਰੀ ਕੀਤੀ ਜਾਵੇ ਪਰ ਮੁੱਖ ਹੱਲ ਇਹੀ ਹੈ ਕਿ ਸਿੱਖ ਭਾਈਚਾਰੇ ਨੂੰ ਇਸ ਡਾਕੂਮੈਂਟਰੀ ਦਾ ਢੁੱਕਵਾਂ ਜੁਆਬ ਦੇਣਾ ਚਾਹੀਦਾ ਹੈ। ਇਥੇ ਇਹ ਵੀ ਦੱਸਣ ਦੀ ਲੋੜ ਹੈ ਇੱਕ ਅਮਰੀਕਨ ਨਾਗਰਿਕ ਨੂੰ ਸ਼ਾਇਦ ਕੈਨੇਡੀਅਨ ਸਿੱਖਾਂ ਦੀਆਂ ਗਤੀਆਂ ਵਿਧੀਆਂ ਬਾਰੇ ਸੰਪੂਰਣ ਗਿਆਨ ਨਹੀਂ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਵਾਂਗ ਕੈਨੇਡਾ ਵਿੱਚ ਇੱਕ ਮੀਡੀਆ-ਵਾਚ ਸੰਸਥਾ ਹੋਣੀ ਚਾਹੀਦੀ ਹੈ ਜਿਹੜੀ ਅਜਿਹੀਆਂ ਰਿਪੋਰਟਾਂ ਦਾ ਖੋਜ ਭਰਪੂਰ ਜੁਆਬ ਦੇ ਸਕੇ। ਪਰ ਸ੍ਰ. ਹਰਿੰਦਰ ਸਿੰਘ ਟੈਕਸਸ, ਵਰਲਡ ਸਿੱਖ ਸੰਸਥਾ ਦੀਆਂ ਸਰਗਰਮੀਆਂ ਤੋਂ ਬਿਲਕੁਲ ਅਣਜਾਣ ਲੱਗਦੇ ਸਨ। ਵਰਲਡ ਸਿੱਖ ਆਰਗੇਨਾਈਜੇਸ਼ਨ ਵਲੋਂ ਕੈਨੇਡਾ ਵਿੱਚ ਹਰ ਸਿੱਖ ਵਿਰੋਧੀ ਰਿਪੋਰਟ ਦਾ ਢੁੱਕਵਾਂ ਜੁਆਬ ਦਿੱਤਾ ਜਾਂਦਾ ਹੈ। ਸੀ.ਬ.ਸੀ. ਦੀ ਇਸ ਡਾਕੂਮੈਂਟਰੀ ਬਾਰੇ ਵੀ ਵਰਲਡ ਸਿੰਘ ਆਰਗੇ. ਬੜੀ ਸਰਗਰਮੀ ਨਾਲ ਸੀ.ਬੀ.ਸੀ. ਨੂੰ ਅਹਿਸਾਸ ਕਰਵਾਉਣ ਵਿੱਚ ਰੁੱਝੀ ਹੋਈ ਹੈ। ਵਰਲਡ ਸਿੱਖ ਆਰਗੇ. ਵਲੋਂ ਏਅਰ ਇੰਡੀਆ ਦੀ ਹੋ ਰਹੀ ਜਾਂਚ ਵਿੱਚ ਇੰਟਰਵੀਨਰ ਸਟੈਟਸ ਹਾਸਿਲ ਕਰਕੇ ਸਿੱਖ ਕੌਮ ਦਾ ਪੱਖ ਬਕਾਇਦਾ ਤੌਰ ਤੇ ਦਰਜ ਕਰਵਾਇਆ ਜਾ ਰਿਹਾ ਹੈ। ਸਿੱਖ ਕੌਮ ਦਾ ਆਪਣਾ ਵਕੀਲ ਫੁੱਲ ਟਾਇਮ ਇਸ ਜਾਂਚ ਵਿੱਚ ਬੈਠ ਕੇ ਨਿਗਰਾਨੀ ਕਰਦਾ ਹੈ।

ਇਸ ਤੋਂ ਇਲਾਵਾ ਉਨਟਾਰੀਓ ਦੇ ਸਮੂਹ ਗੁਰਦੁਆਰਿਆਂ ਵਲੋਂ ਸੀ.ਬੀ.ਸੀ. ਖਿਲਾਫ ਕਾਨੂੰਨੀ ਕਾਰਵਾਈ ਕਰਨ ਦੀਆਂ ਤਿਆਰੀਆਂ ਵੀ ਕੀਤੀਆਂ ਜਾ ਰਹੀਆਂ ਹਨ। ਬ੍ਰਿਟਿਸ਼ ਕੋਲੰਬੀਆ ਵਿੱਚ ਇਸ ਬਾਰੇ ਕਈ ਮੀਟਿੰਗ ਹੋ ਚੁੱਕੀਆਂ ਹਨ ਜਦੋਂ ਕਿ ਉਨਟਾਰੀਓ ਵਿੱਚ ਵੀ ਸਰਗਰਮੀਆਂ ਹੋ ਰਹੀਆਂ ਹਨ।

ਡੇਰਿਆਂ ਬਾਰੇ ਪੁੱਛੇ ਸੁਆਲ ਦੇ ਜੁਆਬ ਵਿੱਚ ਕਿਹਾ ਕਿ ਕੌਮ ਨੂੰ ਕਮਜ਼ੋਰ ਨਹੀਂ ਹੋਣਾ ਚਾਹੀਦਾ ਹੈ। ਇਨਾਂ ਸਾਧਾਂ ਵਿੱਚ ਹਿੰਮਤ ਨਹੀਂ ਹੈ। ਇਹ ਡਰਪੋਕ ਲੋਕ ਹੁੰਦੇ ਹਨ। ਪਰ ਅਗਰ ਤੁਸੀਂ ਸਮਝਦੇ ਹੋ ਕਿ ਸ੍ਰੀ ਅਕਾਲ ਤਖਤ ਦਾ ਜਥੇਦਾਰ ਕੁੱਝ ਕਰੇਗਾ, ਭੁੱਲ ਜਾਓ। ਮੈਂ ਅਕਾਲ ਤਖਤ ਸਾਹਿਬ ਤੇ ਵੀ ਗਿਆ ਸੀ ਸਭ ਵਿਕਾਊ ਹਨ। ਬਰਨਾਲਾ ਸਰਕਾਰ ਨੇ ਪੂਹਲੇ ਨੂੰ ਪੈਦਾ ਕੀਤਾ ਤੇ ਬਾਦਲ ਨੇ ਉਸਨੂੰ ਸਾਨ੍ਹ ਬਣਾ ਦਿੱਤਾ ਸੀ। ਇਨਾਂ ਸਾਧਾਂ ਨੂੰ ਨੱਥ ਪਾਉਣ ਲਈ ਸੰਗਤ ਆਪ ਹੀ ਕੁੱਝ ਕਰੇ।

ਅਖੀਰ ਵਿੱਚ ਪ੍ਰਬੰਧਕਾਂ ਨੇ ਸਿੱਖ ਸੰਸਥਾਵਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ। ਜਿੰਨਾਂ ਵਿੱਚ ਉਨਟਾਰੀਓ ਖਾਲਸਾ ਦਰਬਾਰ ਡਿਕਸੀ ਰੋਡ ਗੁਰਦੁਆਰਾ ਸਾਹਿਬ, ਬਾਬਾ ਬੁੱਢਾ ਜੀ ਗੁਰਦੁਆਰਾ ਸਾਹਿਬ ਸਟੋਨੀ ਕ੍ਰੀਕ, ਗੁਰਦੁਆਰਾ ਸ਼ਹੀਦਗੜ ਹੈਮਿਲਟਨ, ਸਿੱਖ ਲਹਿਰ ਦੇ ਸਮੂਹ ਮੈਂਬਰ, ਗੁਰਮਤਿ ਖਾਲਸਾ ਸਕੂਲ, ਪ੍ਰੋ ਉਦੈ ਸਿੰਘ, ਗੁਰਬਾਣੀ ਟੀ.ਵੀ. ਪ੍ਰੋਗ੍ਰਾਮ, ਉਨਟਾਰੀਓ ਸਿੱਖ ਐਂਡ ਗੁਰਦੁਆਰਾ ਕੌਂਸਲ, ਉਨਟਾਰੀਓ ਗੁਰਦੁਆਰਾਜ਼ ਕਮੇਟੀ, ਹਾਲਟਨ ਗੁਰਦੁਆਰਾ ਸਾਹਿਬ ਓਕਵੈਲ, ਖਾਲਸਾ ਕਮਿਊਨਟੀ ਸਕੂਲ ਮਾਲਟਨ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸ਼੍ਰੋਮਣੀ ਅਕਾਲੀ ਦਲ ਇੰਟਰਨੈਸ਼ਨਲ, ਭਾਈ ਘਣਈਆ ਜੀ ਸੇਵਾ ਸੰਸਥਾ, ਪੰਥਕ ਗਤਕਾ ਅਖਾੜਾ, ਸੱਚਾ ਸੌਦਾ ਪ੍ਰਚਾਰ ਸੁਸਾਇਟੀ, ਪੰਜਾਬੀ ਪ੍ਰੈੱਸ ਕਲੱਬ ਆਫ ਉਨਟਾਰੀਓ ਅਤੇ ਅੱਜ ਦੀ ਆਵਾਜ਼ ਰੇਡੀਓ।

ਇਸ ਸੈਮੀਨਾਰ ਵਿੱਚ ਪੰਜਾਬੀ ਡੇਲੀ ਵਲੋਂ ਇੱਕੋ ਇੱਕ ਪੱਤਰਕਾਰ ਅਤੇ ਅੱਜ ਦੀ ਆਵਾਜ਼ ਰੇਡੀਓ ਦੇ ਸੁਖਦੇਵ ਸਿੰਘ ਸ਼ਾਮਲ ਸੀ। ਇਨਾਂ ਤੋਂ ਇਲਾਵਾ ਇਸ ਸੈਮੀਨਾਰ ਵਿੱਚ ਕੋਈ ਵੀ ਪੱਤਰਕਾਰ/ਮੀਡੀਆਕਾਰ ਸ਼ਾਮਲ ਨਹੀਂ ਸੀ। ਇਸ ਲਈ ਪ੍ਰਬੰਧਕਾਂ ਵਲੋਂ ਉਚੇਚੇ ਤੌਰ ਤੇ ਇਸ ਰਿਪੋਰਟ ਦੇ ਲਿਖਾਰੀ ਸੁਖਮਿੰਦਰ ਸਿੰਘ ਹੰਸਰਾ ਦਾ ਧੰਨਵਾਦ ਕੀਤਾ। ਹਲੂਣਾ ਸੈਮੀਨਾਰ ਦੀ ਪ੍ਰਬੰਧਕ ਸੰਸਥਾ "ਗੁਰਸੇਵਾ ਚੈਰੀਟੇਬਲ ਸੁਸਾਇਟੀ" ਵਲੋਂ ਭੇਟਾ ਕਰਨ ਵਾਲਿਆਂ ਨੂੰ ਰਸੀਦਾਂ ਦਿੱਤੀਆਂ ਗਈਆਂ।

ਕੁਲ ਮਿਲਾ ਕੇ ਇਸ ਸੈਮੀਨਾਰ ਰਾਹੀਂ ਸਮੁੱਚੇ ਸਿੱਖ ਭਾਈਚਾਰੇ ਨੂੰ ਹਲੂਣਾ ਨਹੀਂ ਮਾਰਿਆ ਗਿਆ ਸਗੋਂ ਝੰਜੋੜਿਆ ਗਿਆ ਹੈ।

ਹਲੂਣਾ ਸੈਮੀਨਾਰ ਤੋਂ ਅਗਲੇ ਦਿਨ ਬਰਾਰ ਸਵੀਟਸ ਵਿੱਚ ਕੀਤੇ ਲੰਚ ਦੌਰਾਨ ਪ੍ਰਬੰਧਕਾਂ ਨੇ ਪੰਜਾਬੀ ਡੇਲੀ ਨੂੰ ਦੱਸਿਆ ਕਿ ਉਹ ਸੈਮੀਨਾਰ ਤੋਂ 100 ਫੀ ਸਦੀ ਸੰਤੁਸ਼ਟ ਹਨ ਅਤੇ ਅਗਾਂਹ ਨੂੰ ਹੋਰ ਉਪਰਾਲੇ ਕਰਨ ਲਈ ਉਤਸ਼ਾਹਤ ਵੀ ਹਨ। ਸ੍ਰ. ਬਲਵਿੰਦਰ ਸਿੰਘ ਅਤੇ ਸ੍ਰ. ਹਰਜਿੰਦਰ ਸਿੰਘ ਨੇ ਕਿਹਾ ਕਿ ਅਸੀਂ ਉਸ ਸੰਗਤ ਤੋਂ ਮੁਆਫੀ ਮੰਗਦੇ ਹਾਂ ਜਿੰਨਾਂ ਨੂੰ ਅੰਦਰ ਬੈਠਣ ਵਾਸਤੇ ਸੀਟਾਂ ਨਹੀਂ ਮਿਲੀਆਂ ਅਤੇ ਖਾਸ ਕਰਕੇ ਜਿਹੜੇ ਭੇਣ ਭਰਾ ਸੈਮੀਨਾਰ ਵਿੱਚ ਦਾਖਲ ਹੀ ਨਹੀਂ ਹੋ ਸਕੇ ਅਤੇ ਉਨ੍ਹਾਂ ਨੂੰ ਵਾਪਿਸ ਜਾਣਾ ਪਿਆ। ਪ੍ਰਬੰਧਕਾਂ ਨੇ ਦੱਸਿਆ ਕਿ ਹੈਰਾਨੀ ਵਾਲੀ ਗੱਲ ਹੈ ਕਿ ਸਾਨੂੰ 550 ਵਿਚੋਂ 450 ਫੋਲਡਰ ਵਾਪਿਸ ਮਿਲੇ ਜਿੰਨਾਂ ਵਿੱਚ ਸੰਗਤ ਨੇ ਆਪਣੇ ਪ੍ਰਭਾਵ ਛੱਡੇ ਹਨ ਜੋ ਸਾਨੂੰ ਭਵਿੱਖ ਵਿੱਚ ਸਿੱਖ ਸੰਗਤ ਦੇ ਸੁਝਾਵਾਂ ਤੋਂ ਜਾਣੂ ਕਰਵਾਉਣਗੇ।

ਅਦਾਰਾ ਪੰਜਾਬੀ ਡੇਲੀ ਵਲੋਂ ਸਿੱਖ ਮਨਾਂ ਨੂੰ ਹਲੂਣਾ ਮਾਰਨ ਦਾ ਉਪਰਾਲਾ ਨਿਰਸੰਦੇਹ ਸਲਾਘਾਯੋਗ ਸੀ। ਅਸੀਂ ਪ੍ਰਬੰਧਕਾਂ ਨੂੰ ਲੱਖ ਲੱਖ ਵਧਾਈ ਦਿੰਦੇ ਹਾਂ।